# ਸਮਤਾ

ਦਸੰਬਰ 1984 (ਅੰਕ 55)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਦਸੰਬਰ 1984 55
ਮੁੱਲ—ਦੋ ਰੁਪਏ

## ਸੰਪਾਦਕੀ : ਕੁਝ ਫੈਸਲੇ ਲੈਣੇ ਜ਼ਰੂਰੀ ਹਨ ○ ਗੁਰਸ਼ਰਨ ਸਿੰਘ

ਦਿੱਲੀ ਅਤੇ ਬਾਕੀ ਦੇਸ਼ਾਂ ਦੇ ਕੁਝ ਹਿਸਿਆਂ ਵਿਚ ਜੋ ਕੁਝ ਹੋਇਆ, ਉਹਨੇ ਇਹ ਸਾਬਤ ਕਰ ਦਿਤਾ ਹੈ ਕਿ ਕਾਂਗਰਸ ਦੀ ਹਕੂਮਤ ਥੱਲੇ ਇਕ ਖਾਸ ਕਿਸਮ ਦਾ ਪੁਲੀਟੀਕਲ ਭ੍ਰਿਸ਼ਟਾਚਾਰ ਦੇਸ਼ ਵਿਚ ਫੈਲ ਚੁੱਕਾ ਹੈ। ਪੈਸਾ ਪ੍ਰਧਾਨ ਚੋਣਾਂ ਦੇ ਸਿਸਟਮ ਨੇ ਹਰ ਥਾਂ ਇਕ ਐਸਾ ਲੂੰਪਨ (ਗੁੰਡਾ) ਅਨਸਰ ਪੈਦਾ ਕਰ ਦਿਤਾ ਹੈ, ਜਿਹੜਾ ਕਿਸ ਕਿਸਮ ਦੀ ਮੇਹਨਤ ਜਾਂ ਕਮਾਈ ਕਰਨ ਵਿਚ ਯਕੀਨ ਨਹੀਂ ਰਖਦਾ। ਉਹਦਾ ਗੁਜ਼ਾਰਾ ਸਿਰਫ ਸਿਆਸੀ ਬੌਸਾਂ ਉਤੇ ਨਿਰਭਰ ਹੈ। ਚੋਣਾਂ ਵਿਚ ਉਹ ਹਕੂਮਤੀ ਪਾਰਟੀ ਲਈ ਜਾਅਲੀ ਵੋਟ ਬੈਂਕ ਹੁੰਦਾ ਹੈ ਅਤੇ ਬਾਕੀ ਸਮੇਂ ਵਿਚ ਉਹ ਉਸ ਬੌਸ ਲਈ ਇਕ ਗੁੰਡਾ ਫੋਰਸ ਦਾ ਕੰਮ ਦੇਂਦਾ ਹੈ। ਉਹ ਉਸ ਬੌਸ ਦੇ ਇਸ਼ਾਰੇ ਉਤੇ ਜਲੂਸ ਕੱਢਦਾ ਹੈ। ਕਿਸੇ ਵਿਰੋਧੀ ਦੀ ਕੁੱਟਮਾਰ ਕਰਦਾ ਹੈ। ਦੰਗੇ ਕਰਦਾ ਹੈ, ਫਸਾਦ ਕਰਦਾ ਹੈ। ਅਮ੍ਰਿਤਸਰ ਦੀ ਇਸੇ ਲੂੰਪਨ-ਫੋਰਸ ਨੇ ਕਾਂਗਰਸੀ ਐਮ.ਐਲ ਏ. ਸੇਵਾਰਾਮ ਦੇ ਇਸ਼ਾਰੇ ਤੇ 14 ਫਰਵਰੀ ਸਟੇਸ਼ਨ ਜਾ ਕੇ ਦਰਬਾਰ ਸਾਹਿਬ ਦਾ ਮਾਡਲ ਤੋੜਿਆ ਸੀ। ਦਿੱਲੀ ਵਿਚ ਉਪਰੇਸ਼ਨ ਬਲਿਯੂ ਸਟਾਰ ਦੇ ਬਾਅਦ ਬੀ.ਬੀ.ਸੀ. ਦੇ ਵਿਰੁੱਧ ਜਦੋਂ ਵਿਖਾਵੇ ਹੁੰਦੇ ਸਨ ਤਾਂ ਕਾਂਗਰਸੀ ਬੌਸਾਂ ਦੇ ਇਸ਼ਾਰੇ ਉਤੇ ਇਹੋ ਲੂੰਪਨ ਤਬਕਾ ਉਹਨਾਂ ਵਿਚ ਸ਼ਾਮਲ ਹੁੰਦਾ ਸੀ। ਵੱਡਾ ਬੌਸ ਛੋਟੇ ਬੌਸ ਨੂੰ ਇਸ਼ਾਰਾ ਕਰਦਾ ਹੈ। ਛੋਟਾ ਬੌਸ ਅਗੋਂ ਇਲਾਕਾਈ ਚੌਧਰੀਆਂ ਨੂੰ ਇਸ਼ਾਰਾ ਕਰਦਾ ਹੈ। ਬੀ.ਬੀ.ਸੀ. ਵੇਲੇ ਇੰਦਰਾ ਗਾਂਧੀ ਦਾ ਇਸ਼ਾਰਾ ਸੀ। ਇੰਦਰਾ ਗਾਂਧੀ ਦੀ ਹਤਿਆ ਤੋਂ ਬਾਅਦ ਲੋਕਲ ਕਾਂਗਰਸੀ ਬੌਸਾਂ ਦਾ ਇਸ਼ਾਰਾ ਸੀ। ਸਿੱਖਾਂ ਦੇ ਵਿਰੁੱਧ ਹਰ ਕਾਰਵਾਈ ਦੀ ਖੁਲੀ ਛੁੱਟੀ ਸੀ। ਜਦੋਂ ਰਾਜੀਵ ਗਾਂਧੀ ਨੇ ਕਹਿ ਦਿਤਾ Enough is Enough, ਜਿੰਨਾ ਹੋ ਗਿਆ ਕਾਫ਼ੀ ਹੈ ਤਾਂ ਇਕ ਦਮ ਸਭ ਬੰਦ ਹੋ ਗਿਆ। ਇਹ ਜੋ ਕੁਝ ਹੋਇਆ ਨਾ ਫਿਰਕਾਦਰਾਨਾ ਫਸਾਦ ਸੀ ਨਾ ਹਿੰਦੂਆਂ ਦੀ ਸਿੱਖਾਂ ਪ੍ਰਤੀ ਨਫਰਤ ਸੀ। ਇਹ ਕਾਂਗਰਸੀ ਬੌਸਾਂ ਦੀਆਂ ਪੂਰੀਆਂ ਹਦੈਤਾਂ ਅਨੁਸਾਰ ਲੁੱਟਮਾਰ ਸੀ, ਦਿੱਲੀ ਦੇ ਜਾਣਕਾਰ ਹਲਕੇ ਇਸ ਸਚਾਈ ਨੂੰ ਪੂਰੀ ਤਰ੍ਹਾਂ ਜਾਣਦੇ ਹਨ। ਪੀ.ਯੂ.ਸੀ.ਐਲ. ਅਤੇ ਪੀ.ਯੂ.ਡੀ.ਆਰ. ਵਰਗੀਆਂ ਜਮਹੂਰੀ ਹੱਕਾਂ ਦੀ ਰਖਵਾਲੀ ਕਰਨ ਵਾਲੀਆਂ ਸੰਸਥਾਵਾਂ ਨੇ ਪੂਰੀ ਤਪਤੀਸ਼ ਕਰਕੇ ਸਪੱਸ਼ਟ ਕਾਂਗਰਸੀ ਬੌਸਾਂ ਦੇ ਨਾਂ ਲਏ ਹਨ। ਇਹਨਾਂ ਵਿਚ ਕਾਂਗਰਸੀ ਐਮ ਪੀ. ਅਤੇ ਕਾਂਗਰਸੀ ਮਿਊਨਿਸਪਲ ਕਮਿਸ਼ਨਰ ਸ਼ਾਮਿਲ ਹਨ। ਉਹ ਉਹਨਾਂ ਵਿਰੁੱਧ ਬਕਾਇਦਾ ਮੁਕੱਦਮੇ ਦਰਜ ਕਰਵਾਉਣ ਦਾ ਇਰਾਦਾ ਵੀ ਰਖਦੇ ਹਨ। ਦਿੱਲੀ ਕਾਂਗਰਸੀ ਬੌਸ ਇਹਦੇ ਉਤੇ ਬਹੁਤ ਪਿੱਟੇ ਹਨ ਪਰ ਉਹਨਾਂ ਦੇ ਪਿੱਟਣ ਨਾਲ ਸਚਾਈ ਝੁਠਲਾਈ ਨਹੀਂ ਜਾ ਸਕਦੀ। ਸਾਡਾ ਇਹ ਨਿਰਣਾ ਲੈਣ ਦਾ ਹੱਕ ਬਣਦਾ ਹੈ ਕਿ ਇਸ ਵੇਲੇ ਦੇਸ਼ ਦੀ ਜਮਹੂਰੀਅਤ ਲਈ ਦੇਸ਼ ਦੀ ਏਕਤਾ ਲਈ ਅਤੇ ਸਾਊ ਬੰਦਿਆਂ ਦੀ ਜ਼ਿੰਦਗੀ ਲਈ ਕਾਂਗਰਸ (ਆਈ) ਸਭ ਤੋਂ ਵੱਧ ਖਤਰਨਾਕ ਸੰਸਥਾ ਹੈ ਅਤੇ ਇਸਦਾ ਖਾਸਾ ਪੂਰੀ ਤਰ੍ਹਾਂ ਲੋਕ ਦੁਸ਼ਮਣ ਹੈ। ਰਾਜੀਵ ਗਾਂਧੀ ਦੇ ਅਮਨ, ਸ਼ਾਂਤੀ, ਏਕਤਾ ਬਾਰੇ ਸ਼ਬਦ ਜਾਲ ਇਸ ਸਚਾਈ ਉਤੇ ਹੁਣ ਪਰਦਾ ਨਹੀਂ ਪਾ ਸਕਦੇ। ਲੋਕ ਦੁਸ਼ਮਣ ਇਸ ਸਿਆਸੀ ਸੰਸਥਾ ਦੀ ਹੋਂਦ, ਜਿਹੜੀ ਹੁਕਮਰਾਨ ਵੀ ਹੈ, ਸਾਊ ਅਤੇ ਜਮਹੂਰੀਅਤਪਸੰਦ ਲੋਕਾਂ ਲਈ ਵੱਡੀ ਇਕ ਚਣੌਤੀ ਹੈ। ਇਸਨੂੰ ਖਤਮ ਕਰਨਾ ਤੇ ਹਰ ਪੜਾਅ ਤੇ ਹਾਰ ਦੇਣੀ ਸਾਡਾ ਸਪੱਸ਼ਟ ਫੈਸਲਾ ਹੋਣਾ ਚਹੀਦਾ ਹੈ। ਇਹ ਵੀ ਕਹਿਣਾ ਗ਼ਲਤ ਹੈ ਕਿ ਹਿੰਦੂਆਂ ਨੇ ਸਿੱਖਾਂ ਤੇ ਹਮਲਾ ਕੀਤਾ ਤੇ ਇਹ ਵੀ ਕਹਿਣਾ ਗ਼ਲਤ ਹੈ ਕਿ ਹਿੰਦੂਆਂ ਨੇ ਸਿੱਖਾਂ ਨੂੰ ਬਚਾਇਆ। ਸਗੋਂ ਇਹ ਕਹਿਣਾ ਚਾਹੀਦਾ ਹੈ ਕਿ ਚੰਗੇ ਗ਼ੈਰ ਫਿਰਕੂ ਅਤੇ ਜਮਹੂਰੀ ਸੋਚ ਵਾਲੇ ਲੋਕਾਂ ਨੇ ਇਸ ਘਲੂਘਾਰੇ ਵਿਚ ਚੰਗੇ ਅਸੂਲਾਂ ਦੀ ਰਖਵਾਲੀ ਕੀਤੀ ਹੈ। 1947 ਵਾਂਗ ਫੇਰ ਇਹੋ ਵੇਖਿਆ ਗਿਆ ਹੈ ਕਿ ਜਾਂ ਤਾਂ ਕਮਿਊਨਿਸਟ ਵਿਚਾਰਧਾਰਾ ਨਾਲ ਸਬੰਧਤ ਲੋਕਾਂ ਅਤੇ ਜਾਂ ਸ਼ੁਧ ਧਾਰਮਕ ਲੋਕਾਂ (ਆਪਣੇ ਧਰਮ ਦੇ ਪੱਕੇ ਪਰ ਦੂਜੇ ਦੇ ਧਰਮਾਂ ਦਾ ਸਤਿਕਾਰ ਕਰਨ ਵਾਲੇ) ਨੇ ਆਪਣੇ ਹੱਥੋਂ ਮਨੁੱਖਤਾ ਦਾ ਝੰਡਾ ਨਹੀਂ ਡਿਗਣ ਦਿਤਾ। ਮੱਧਵਰਗੀ ਸੋਚ ਦੇ ਲੋਕਾਂ ਨੇ (ਜੋ ਫਿਰਕਾਪ੍ਰਸਤੀ ਦੀ ਰੌਂ ਥੱਲੇ ਇਕ ਦਮ ਆ ਜਾਂਦੇ ਹਨ) ਜਿਥੇ ਆਪਣੇ ਗਵਾਂਢੀਆਂ ਦਾ ਬਚਾਅ ਕੀਤਾ (ਦੋਸਤੀ ਦੇ ਨਾਤੇ) ਉਥੇ ਨਾਲ ਨਾਲ ਇਹ ਵੀ ਟਿਪਣੀ ਕੀਤੀ ਕਿ ਸਿੱਖਾਂ ਨੂੰ ਏਨਾਂ ਕੁ ਝਟਕਾ ਲਗਣਾ ਚਾਹੀਦਾ ਸੀ, ਐਵੇਂ ਭੂਤਰੇ ਹੋਏ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਭੂਤਰੇ ਹੋਏ ਲੋਗ ਨੇ ਇੰਦਰਾ ਗਾਂਧੀ ਦੀ ਹਤਿਆ ਤੋਂ ਬਾਅਦ ਹੋਛਿਆਂ ਵਾਂਗ ਖੁਸ਼ੀ ਦਾ ਪ੍ਰਗਟਾਵਾ ਕੀਤਾ ਜੋ ਮਨੁੱਖਤਾ ਦੇ ਨਾਤੇ ਬਿਲਕੁਲ ਗ਼ਲਤ ਸੀ, ਪਰ ਸਾਰੇ ਸਿੱਖਾਂ ਬਾਰੇ ਇਸ ਤਰ੍ਹਾਂ ਹੂੰਝਾਫੇਰ ਬਿਆਨ ਆਪਣੇ ਆਪ ਵਿਚ ਇਕ ਵੱਡੀ ਫਿਰਕਾਪ੍ਰਸਤੀ ਹੈ। ਇਸੇ ਤਰ੍ਹਾਂ ਸਿੱਖਾਂ ਵਲੋਂ ਹਿੰਦੂਆਂ ਬਾਰੇ ਕੋਈ ਹੂੰਝਫੇਰ ਬਿਆਨ ਵੀ ਸਿਰੇ ਦੀ ਫਿਰਕਾਪ੍ਰਸਤੀ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਫਿਰਕਾਪ੍ਰਸਤੀ ਅਤੇ ਧਾਰਮਕ ਜਨੂੰਨ ਸਮਾਜ ਦੇ ਵੱਡੇ ਦੁਸ਼ਮਣ ਹਨ,

ਹਰ ਪੱਧਰ ਤੇ ਇਹਦਾ ਖਾਤਮਾ ਕਰਨਾ ਸਾਡਾ ਫਰਜ਼ ਹੈ, ਪਰ ਇਹ ਮੁਕਾਬਲਾ ਆਪ ਫਿਰਕਾਪ੍ਰਸਤ ਬਣ ਕੇ ਨਹੀਂ ਕੀਤਾ ਜਾ ਸਕਦਾ। ਇਹ ਸਾਡਾ ਸਪੱਸਟ ਫੈਸਲਾ ਹੋਣਾ ਚਾਹੀਦਾ ਹੈ। ਦਿੱਲੀ ਵਿਚ ਹਕੂਮਤੀ ਪਾਰਟੀ ਦੀ ਸ਼ਹਿ ਉਤੇ ਗੁੰਡਿਆਂ ਦੀ ਕਾਰਵਾਈ ਨੂੰ ਹਿੰਦੋਸਤਾਨ ਭਰ ਦੇ ਲੋਕਾਂ ਨੇ, ਜੋ ਇਸ ਦੇਸ਼ ਵਿਚ ਧਰਮ ਨਿਰਪੇਖਤਾ ਨੂੰ ਸਹੀ ਮੰਨਦੇ ਹਨ, ਇਕ ਚਣੌਤੀ ਦੇ ਤੌਰ ਤੇ ਲਿਆ ਹੈ। ਮੈਂ 31 ਅਕਤੂਬਰ ਤੋਂ 10 ਨਵੰਬਰ ਬੰਬਈ ਵਿਚ ਸਾਂ। ਮੈਂ ਆਪਣੀ ਕਮਿਊਨਿਟੀ ਦੇ ਵਿਰੁਧ ਕੁਝ ਲੋਕਾਂ ਦੀਆਂ ਅੱਖਾਂ ਵਿਚ ਸ਼ੱਕ ਤੇ ਨਫਰਤ ਵੀ ਵੇਖ ਸਕਿਆ ਸਾਂ (ਜਿਸ ਤਰ੍ਹਾਂ ਅਸੀਂ ਇਸ ਦੇਸ਼ ਦੇ ਨਹੀਂ ਸਗੋਂ ਕੋਈ ਬਾਹਰਲੇ ਲੋਕ ਹਾਂ) ਪਰ ਨਾਲ ਹੀ ਮਿਹਨਤਕਸ਼ ਤਬਕੇ ਵਿਚ ਆਪਣੇ ਪ੍ਰਤੀ ਪਿਆਰ ਅਤੇ ਸਤਿਕਾਰ ਲੈਣ ਦਾ ਵੀ ਮੈਨੂੰ ਮੌਕਾ ਮਿਲਿਆ ਹੈ। ਮਰਾਠਾ ਅਖਬਾਰਾਂ ਵਿਚ ਸਿੱਖਾਂ ਦੀ ਦੇਸ਼ ਭਗਤੀ ਬਾਰੇ ਐਡੀਟੋਰੀਅਲ ਸਨ। ਜ਼ੋਰ ਦੇ ਕੇ ਲਿਖਿਆ ਗਿਆ ਕਿ ਕਿਸੇ ਫਿਰਕੇ ਦੇ ਦੋ ਵਿਅਕਤੀਆਂ ਦੀ ਕਿਸੇ ਗ਼ਲਤੀ ਕਰਕੇ ਸਾਰੇ ਫਿਰਕੇ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਨੱਥੂਰਾਮ ਗੌਡਸੇ ਹੱਥੋਂ ਮਹਾਤਮਾ ਗਾਂਧੀ ਦੀ ਹਤਿਆ ਦੀ ਮਿਸਾਲ ਵਾਰ ਵਾਰ ਦਿਤੀ ਜਾਂਦੀ ਸੀ, ਸਿੱਖ ਕਮਿਊਨਿਟੀ ਦਾ (ਥੋੜੇ ਲੋਕਾਂ ਨੂੰ ਛੱਡ ਕੇ) ਇਹ ਦੁਖਾਂਤ ਹੈ ਕਿ ਪੰਜਾਬ ਤੋਂ ਬਾਹਰ ਉਹਨਾਂ ਨੇ ਆਪਣੇ ਆਪ ਨੂੰ ਕਦੀ ਵੀ ਉਥੋਂ ਦੇ ਲੋਕਾ ਦੀ ਜ਼ਿੰਦਗੀ ਦੀ ਆਮ ਧਾਰਾ ਵਿਚ ਸ਼ਾਮਿਲ ਨਹੀਂ ਕੀਤਾ। ਆਪਣੀਆਂ ਸਮਾਜਕ ਸਰਗਰਮੀਆਂ ਨੂੰ ਜਾਂ ਤਾਂ ਗੁਰਦੁਆਰਿਆਂ ਤੱਕ ਹੀ ਸੀਮਤ ਰਖਿਆ ਹੈ ਜਾਂ ਆਪਣੀ ਕਮਿਊਨਿਟੀ ਦੇ ਪੈਸੇ ਵਾਲਿਆਂ ਦੇ ਆਖੇ ਲਗ ਕੇ ਹਕੂਮਤੀ ਪਾਰਟੀ ਦੀ ਪੂਛ ਬਣ ਕੇ ਜੀਵਿਆ ਹੈ। ਸ਼ਾਵਨਵਾਦ (ਝੂਠੇ ਵਕਾਰ) ਦੇ ਥੱਲੇ ਆਪਣੇ ਆਪ ਨੂੰ ਧੜੱਲੇਦਾਰ ਸਾਬਤ ਕਰਨ ਲਈ ਬੜੀ ਵਾਰ ਐਸੀਆਂ ਕਾਰਵਾਈਆਂ ਕੀਤੀਆਂ ਜੋ ਉਥੇ ਦੇ ਸਾਧਾਰਨ ਲੋਕਾਂ ਵਿਚ ਠੀਕ ਨਹੀਂ ਸਨ ਸਮਝੀਆਂ ਜਾਂਦੀਆਂ। ਇਸ ਸੱਚਾਈ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਪੰਜਾਬ ਤੋਂ ਬਾਹਰ ਰਹਿਣ ਵਾਲੇ ਬਹੁਤੇ ਸਿੱਖ ਆਪਣੇ ਸ਼ਹਿਰਾਂ ਵਿਚ ਇਕ ਪਾਸੇ ਹਕੂਮਤੀ ਪਾਰਟੀ ਨਾਲ ਸਬੰਧਤ ਰਹੇ ਹਨ ਤੇ ਦੂਜੇ ਪਾਸੇ ਅਮ੍ਰਿਤਸਰ ਆ ਕੇ ਭਿੰਡਰਾਂਵਾਲਾ ਜੀ ਦੇ ਥੈਲੇ ਵੀ ਨੋਟਾਂ ਨਾਲ ਭਰਨ ਵਾਲੇ ਵੀ ਇਹੋ ਹੁੰਦੇ ਸਨ। ਬੰਬਈ, ਕਾਨਪੁਰ, ਦਿੱਲੀ ਆਦਿਕ ਸਿੰਘ ਸਭਾਵਾਂ ਦਾ ਇਸ ਭੂਮਿਕਾ ਨੂੰ ਕੋਈ ਛੁਪਾ ਨਹੀਂ ਸਕਦਾ। ਹੁਣ ਜਦੋਂ ਪ੍ਰਤੀਕਰਮ ਹੋਇਆ ਹੈ, ਹਕੂਮਤੀ ਪਾਰਟੀ ਵਲੋਂ ਕੋਈ ਸੁਰਖਿਆ ਨਹੀਂ ਮਿਲੀ ਤਾਂ ਇਹ ਨਾਅਰਾ ਦੇ ਦਿਤਾ ਕਿ ਸਿੱਖਾਂ ਦੀ ਹਿੰਦੋਸਤਾਨ ਵਿਚ ਕੋਈ ਥਾਂ ਨਹੀਂ। ਗੱਲ ਜੋ ਸਮਝਣ ਵਾਲੀ ਹੈ, ਉਹ ਇਹ ਹੈ ਕਿ ਬੁਨਿਆਦੀ ਤੌਰ ਤੇ ਫਿਰਕਾਪ੍ਰਸਤੀ ਨਾਲ ਬੱਝ ਕੇ ਜੀਣਾ ਹੈ ਤਾਂ ਉਹ ਫੇਰ ਖਾਲਿਸਤਾਨ ਵਿਚ ਹੀ ਜੀਵਿਆ ਜਾ ਸਕਦਾ ਹੈ ਤੇ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਖਾਲਿਸਤਾਨ ਬਨਾਉਣ ਦੀ ਗੱਲ ਇਕ ਵੱਡੇ ਘਲੂਘਾਰੇ ਨੂੰ ਸੱਦਾ ਦੇਣ ਤੋਂ ਸਿਵਾ ਹੋਰ ਕੁਝ ਨਹੀਂ। ਘਲੂਘਾਰਾ ਜੋ ਸਾਰੇ ਪੰਜਾਬ ਨੂੰ ਤਾਂ ਆਪਣੀ ਲਪੇਟ ਵਿਚ ਲਿਆਵੇਗਾ (ਜਿਥੇ ਅੱਧੀ ਆਬਾਦੀ ਗ਼ੈਰ ਸਿੱਖਾਂ ਦੀ ਹੈ) ਤੇ ਪੰਜਾਬ ਤੋਂ ਬਾਹਰ ਵਸਦੇ ਪੰਜਾਬੀਆਂ ਨੂੰ (ਖਾਸ ਕਰਕੇ ਸਿੱਖਾਂ) ਨੂੰ ਆਪਣੀ ਲਪੇਟ ਵਿਚ ਵੀ ਲੈ ਲਵੇਗਾ। ਬਾਕੀ ਹਿੰਦੋਸਤਾਨ ਦਾ ਕੁਝ ਵੀ ਨਹੀਂ ਜਾਣਾ। ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਪ੍ਰਦੇਸਾਂ ਵਿਚ ਬੈਠੇ, ਕੁਝ ਲੋਕਾਂ ਨੂੰ ਇਸਦਾ ਬਿਲਕੁਲ ਇਲਮ ਨਹੀਂ। ਪਹਿਲੇ ਓਪਰੇਸ਼ਨ 'ਬਲਿਊ ਸਟਾਰ', ਤੇ ਹੁਣ ਓਪਰੇਸ਼ਨ 'ਸਿੱਖ ਮਾਰ' ਵਿਚ ਹਕੂਮਤੀ ਪਾਰਟੀ ਤੇ ਇਲਜ਼ਾਮ ਦੀ ਉਂਗਲ ਰਖਦੇ ਹੋਏ ਇਥੇ ਬੈਠੇ ਹੋਏ ਤੇ ਬਾਹਰ ਬੈਠੇ ਹੋਏ ਫਿਰਕਾਪ੍ਰਸਤ ਸਿੱਖ ਜਨੂੰਨੀਆਂ ਦੀ ਭੂਮਿਕਾ ਵੀ ਭੁਲਾਈ ਨਹੀਂ ਜਾ ਸਕਦੀ। ਜਗਜੀਤ ਸਿੰਘ ਚੌਹਾਨ ਲੰਡਨ ਬੈਠਾ ਖੁਸ਼ ਹੋ ਸਕਦਾ ਹੈ। ਸਾਊਥਆਲ ਦੇ ਸਿੱਖ ਲੰਡਨ ਭੰਗੜਾ ਪਾ ਸਕਦੇ ਹਨ। ਬਾਬਾ ਗੁਰਬਚਨ ਸਿੰਘ, ਲਾਲਾ ਜਗਤ ਨਰਾਇਣ, ਇੰਦਰਾ ਗਾਂਧੀ ਦੀ ਹਤਿਆ ਤੇ 'ਸਿੱਖ ਸੂਰਮਗਤੀ' ਦੀ ਫੂਕ ਲੈ ਸਕਦੇ ਹਨ, ਪਰ ਵੇਖਣ ਵਾਲੀ ਗੱਲ ਇਹ ਹੈ ਕਿ ਬਾਬਾ ਗੁਰਬਚਨ ਸਿੰਘ ਦੀ ਹਤਿਆ ਹੋਈ ਤਾਂ ਨਿਰੰਕਾਰੀ ਸੰਮੇਲਨ ਤਾਂ ਬੰਦ ਨਹੀਂ ਹੋ ਗਏ। ਲਾਲਾ ਜਗਤ ਨਰਾਇਣ ਦੀ ਮੌਤ ਤੇ ਹਿੰਦ ਸਮਾਚਾਰ ਛਪਣੋਂ ਤਾਂ ਨਹੀਂ ਹੱਟੀ। ਇੰਦਰਾ ਗਾਂਧੀ ਦੀ ਹਤਿਆ ਹੋਈ, ਰਾਜੀਵ ਗਾਂਧੀ ਗੱਦੀ ਤੇ ਬੈਠਾ। ਕੁਝ ਫ਼ਰਕ ਪਿਆ ? ਨਹੀਂ। ਨੁਕਸਾਨ ਕੀਹਦਾ ਹੋਇਆ ? ਇਹ ਕੀਹਦੇ ਕੋਲੋਂ ਭੁਲਿਆ ਹੋਇਆ ਏ ? ਇਸ ਘਲੂਘਾਰੇ ਦੇ ਬਾਅਦ ਕੁਝ ਸੋਚਣ ਤੇ ਕੁਝ ਸਮਝਣ ਦੀ ਥਾਂ ਹੁਣ ਇਹ ਵੇਖਿਆ ਗਿਆ ਹੈ ਕਿ ਦਿੱਲੀ, ਬੰਬਈ, ਯੂ.ਪੀ., ਬਿਹਾਰ ਦੇ ਧਨਾਢ ਸਿੱਖ ਫੇਰ ਝੋਲੀ ਚੁੱਕਾਂ ਵਾਕੁਨ ਰਾਜੀਵ ਨੂੰ ਮਿਲ ਰਹੇ ਹਨ। ਕਮਿਊਨਿਟੀ ਵਿਰੋਧ ਹੋਈ ਕਾਰਵਾਈ ਬਾਰੇ ਰੋਸ ਪ੍ਰਗਟ ਕਰਨ ਲਈ ਨਹੀਂ ਸਗੋਂ ਇੰਦਰਾ ਗਾਂਧੀ ਦਾ ਉਤੋਂ ਉਤੋਂ ਅਫਸੋਸ ਕਰਨ ਲਈ!

ਇਹ ਰਹੀ ਸਹੀ ਅਣਖ ਦਾ ਜਨਾਜ਼ਾ ਕੱਢਣ ਦੇ ਬਰਾਬਰ ਹੈ। ਇਹ ਧਨਾਢ ਲੋਕ ਜੋ ਪੈਸੇ ਕਰਕੇ ਸਾਰੇ ਹੀ ਗੁਰਦੁਆਰਿਆਂ ਦੇ ਚੌਧਰੀ ਹਨ, ਸਾਰੀ ਕਮਿਊਨਿਟੀ ਵਲੋਂ ਬੋਲਣ ਦਾ ਕੋਈ ਹੱਕ ਨਹੀਂ ਰਖਦੇ। ਗਰੀਬਾਂ ਦੀ ਸਾਧਾਰਨ ਲੋਕਾਂ ਦੀ ਸਿਆਸਤ ਇਸ ਤੋਂ ਵੱਖਰੀ ਹੈ ਤੇ ਇਹ ਸਿਆਸਤ ਹੋਰ ਸਾਰੇ ਹੀ ਗਰੀਬਾਂ ਅਤੇ ਸਾਧਾਰਨ ਲੋਕਾਂ ਦੀ ਸਾਂਝੀ ਹੈ। ਇਸ ਬਾਰੇ ਸਾਡਾ ਸੋਚਣਾ ਬਣਦਾ ਹੈ ਕਿ ਅਸੀਂ ਸਾਰਿਆਂ ਆਪਣੇ ਇਸ ਦੇਸ਼ ਵਿਚ ਇਕ ਸਤਿਕਾਰਯੋਗ ਸ਼ਹਿਰੀ ਵਾਂਗ ਕਿਸ ਤਰ੍ਹਾਂ ਰਹਿਣਾ ਹੈ। ਇਸ ਬਾਰੇ ਸਾਡਾ ਸਪੱਸ਼ਟ ਫੈਸਲਾ ਹੋਣਾ ਚਾਹੀਦਾ ਹੈ ਕਿ ਅਸੀਂ ਇਹ ਤਾਂ ਹੀ ਕਰ ਸਕਾਂਗੇ ਜੇ ਆਪਣੀ ਸਿਆਸਤ ਨੂੰ ਦੇਸ਼ ਦੀ ਸਿਆਸਤ ਦੀਆਂ ਮੁੱਖ ਧਾਰਾਵਾਂ ਨਾਲ ਜੋੜਾਂਗੇ। ਗੁਰਦੁਆਰਾ ਸੀਮਤ ਸਿਆਸਤ ਸਮਾਂ ਵਿਹਾ ਚੁੱਕੀ ਸਿਆਸਤ ਹੈ ਤੇ ਇਹਦੇ ਨੁਕਸਾਨ ਹੀ ਨੁਕਸਾਨ ਹਨ।

# ਸ੍ਰੀਮਤੀ ਇੰਦਰਾ ਗਾਂਧੀ—ਉਹਦੀ ਸ਼ਖ਼ਸੀਅਤ ਤੇ ਰਾਜਨੀਤੀ

ਸਾਡੇ ਸਮਾਜ ਦੀ ਰੀਤ ਹੈ ਜਦੋਂ ਕੋਈ ਸ਼ਖ਼ਸ ਇਸ ਦੁਨੀਆ ਤੇ ਨਾ ਰਹੇ ਤਾਂ ਉਹਦੀਆਂ ਚੰਗੀਆਂ ਗੱਲਾਂ ਹੀ ਯਾਦ ਕੀਤੀਆਂ ਜਾਂਦੀਆਂ ਹਨ। ਪਰ ਸ੍ਰੀਮਤੀ ਇੰਦਰਾ ਗਾਂਧੀ ਇਕ ਸ਼ਖ਼ਸ ਦਾ ਦਰਜਾ ਨਹੀਂ ਰੱਖਦੀ ਸੀ, ਉਹ ਦੇਸ਼ ਦੀ ਰਾਜਨੀਤੀ ਦਾ ਮੁੱਖ ਧੁਰਾ ਸੀ, ਇਸ ਲਈ ਉਹਦੀ ਸ਼ਖ਼ਸੀਅਤ ਬਾਰੇ ਗੱਲ ਕਰਨ ਵੇਲੇ ਉਸਦੀ ਸਾਰੀ ਰਾਜਨੀਤੀ ਦੀ ਗੱਲ ਕਰਨੀ ਬੜੀ ਜ਼ਰੂਰੀ ਹੈ। ਸਾਨੂੰ ਇਸ ਹੱਤਿਆ ਤੇ ਖ਼ੁਸ਼ੀ ਨਹੀਂ ਪਰ ਅਸੀਂ ਦੁੱਖ ਦੇ ਮਗਰ ਮੱਛੀ ਅੱਥਰੂ ਵੀ ਨਹੀਂ ਵਹਾਉਣਾ ਚਾਹੁੰਦੇ। ਇਸ ਲਈ ਅਸੀਂ ਵੱਖ ਵੱਖ ਹਲਕਿਆਂ ਤੋਂ ਇਕੱਠੀ ਲੋਕ ਰਾਏ ਬਿਨਾਂ ਟਿਪਣੀ ਦੇ ਇਹਨਾਂ ਕਾਲਮਾਂ ਵਿਚ ਦੇ ਰਹੇ ਹਾਂ। —ਸੰਪਾਦਕ

1. ਇਕ ਕਵੀ ਦਾ ਪ੍ਰਤੀਕਰਮ

## ਭਾਰਤ ! ਉਦਾਸ ਨਾ ਹੋ

(ਇੰਦਰਾ ਗਾਂਧੀ ਦਾ ਕਤਲ)

**ਸੰਤੋਖ ਸਿੰਘ ਧੀਰ**

1.

ਭਾਰਤ !
ਇਹ ਮੌਤ ਦਾ ਬਾਜ਼
ਅਚਿੰਤੇ ਨਹੀਂ ਪਿਆ
ਇਹ ਬੜੀਆਂ ਹੀ ਸਕੀਮਾਂ ਨਾਲ
ਸੋਚ ਸੋਚ ਪਿਆ ਹੈ
ਸੋਚ ਸੋਚ
ਸਮਝ ਸਮਝ
ਪਰਖ ਪਰਖ
ਨਿਰਖ ਨਿਰਖ
ਊਚ ਨੀਚ
ਨੀਚ ਊਚ
ਸੋਚ ਸੋਚ
ਸਮਝ ਸਮਝ।

ਅਮਰੀਕਾ
ਕੈਨੇਡਾ
ਇੰਗਲੈਂਡ
ਪੱਛਮੀ ਜਰਮਨੀ
ਇਸ ਬਾਜ਼ ਦੇ ਖੰਭਾਂ ਉਤੇ
ਹੱਥ ਫੇਰਦੇ ਰਹੇ ਹਨ।

ਧਰਤ ਤੋਂ ਆਕਾਸ਼ ਤੀਕਰ
ਦੇਖ ਸਕਣ ਵਾਲੇ ਭਾਰਤ !
ਇਹ ਸੱਬਬ ਦੀ ਗੱਲ ਹੈ, ਕਿ
ਇਸ ਬਾਜ਼ ਦੇ ਖੰਭਾਂ ਉਤੇ
੧ ਓ ਲਿਖਿਆ ਹੈ
ਓਮ ਵੀ ਹੋ ਸਕਦਾ ਸੀ
ਸਲੀਬ ਦਾ ਨਿਸ਼ਾਨ ਵੀ
786 ਵੀ
ਤੇ ਹੋਰ ਕੋਈ ਚਿੰਨ੍ਹ ਵੀ
ਇਸ ਦੇ ਵੱਡੇ ਅਰਥ ਨਹੀਂ
ਵੱਡੇ ਅਰਥ ਇਹ ਹਨ, ਕਿ
ਤੇਰੀ ਚਾਲ
ਤੇਰੀ ਢਾਲ
ਇਸ ਬਾਜ਼ ਦੇ ਖੰਭਾਂ ਉਤੇ
ਹੱਥ ਫੇਰਨ ਵਾਲਿਆਂ ਨੂੰ
ਜਚਦੀ ਜਿਹੀ ਨਹੀਂ ਸੀ
ਤੇਰੀ ਚਾਲ
ਤੇਰੀ ਢਾਲ
ਤੇਰੀ ਆਨ
ਤੇਰੀ ਸ਼ਾਨ
ਤੇਰੀ ਮੋਰ ਵਰਗੀ ਪੈਲ
ਤੇਰੀ ਹੰਸ ਵਰਗੀ ਛਬੀ।

ਭਾਰਤ !
ਤੂੰ ਔਖਣੀ ਹਿੱਕ
ਤਾਣ ਕੇ ਖਲੋਇਆ ਸੈਂ
ਤਣੀ ਹੋਈ ਗਰਦਨ ਨਾਲ
ਸੂਰਜ ਤੇਰੇ ਮੱਥੇ ਉਤੇ
ਲਿਸ਼ਕਾਂ ਮਾਰ ਰਿਹਾ ਸੀ
ਸਿਤਾਰੇ ਤੇਰੀਆਂ ਅੱਖਾਂ ਵਿਚੋਂ
ਲਿਸ਼ਕ ਲਿਸ਼ਕ ਪੈਂਦੇ ਸਨ
ਤੇਰਾ ਚਿਹਰਾ ਸਰਘੀਆਂ ਦੇ
ਪਾਣੀ ਨਾਲ ਧੁਲ ਰਿਹਾ ਸੀ
ਤੇਰੀ ਅੱਖ ਕਾਲਾਂ
ਮਹਾਕਾਲਾਂ ਤਕ ਪੁਜ ਰਹੀ ਸੀ
ਤੇਰੇ ਪੈਰ ਉਸ ਸੁਨਹਿਰੀ

ਮਾਰਗ ਵੱਲ ਉੱਠ ਰਹੇ ਸਨ
ਜੋ ਕਿਸੇ ਦੀ ਖੈ ਕਰਦਾ
ਤੇ ਕਿਸੇ ਦੀ ਜੈ ਕਰਦਾ ਸੀ
ਤੇਰਾ ਅੰਬ, ਰਸ ਨਾਲ
ਸੰਸਾਰ ਦਾ ਮੂੰਹ ਭਰ ਰਿਹਾ ਸੀ
ਤੇਰਾ ਸੁਰਖ਼ ਗੁਲਾਬ ਦਾ ਫੁਲ
ਸੰਸਾਰ ਭਰ ਵਿਚ, ਮਿੱਠੀ ਮਿੱਠੀ
ਵਾਸ਼ਨਾ ਵੰਡ ਰਿਹਾ ਸੀ
ਭਾਰਤ ! ਤੇਰੀ ਇਹੀਓ ਚਾਲ
ਇਹੀਓ ਆਨ
ਇਹੀਓ ਸ਼ਾਨ
ਇਸ ਬਾਜ਼ ਦੇ ਖੰਭਾਂ ਉਤੇ
ਹੱਥ ਫੇਰਨ ਵਾਲਿਆਂ ਨੂੰ
ਜਚਦੀ ਜਿਹੀ ਨਹੀਂ ਸੀ ।

ਬਾਜ਼ ਅਚਿੰਤੇ ਵੀ ਪੈਂਦੇ ਹਨ :
"ਨਦੀ ਕਿਨਾਰੇ ਬੱਗਲਾ
ਬੈਠਾ ਕੇਲ ਕਰੇ ॥
ਕੇਲ ਕਰੇਂਦੇ ਹੰਸ ਨੂੰ
ਅਚਿੰਤੇ ਬਾਜ਼ ਪਏ॥"
ਪਰ ਭਾਰਤ !
ਇਹ ਮੌਤ ਦਾ ਬਾਜ਼
ਅਚਿੰਤੇ ਨਹੀਂ ਪਿਆ
ਇਹ ਬੜੀਆਂ ਹੀ ਸਕੀਮਾਂ ਨਾਲ
ਸੋਚ ਸੋਚ ਪਿਆ ਹੈ
ਸੋਚ ਸੋਚ
ਸਮਝ ਸਮਝ
ਪਰਖ ਪਰਖ
ਨਿਰਖ਼ ਨਿਰਖ਼
ਉਚ ਨੀਚ
ਨੀਚ ਉਚ
ਸੋਚ ਸੋਚ,
ਸਮਝ ਸਮਝ ।

2.
ਭਾਰਤ ! ਉਦਾਸ ਨਾ ਹੋ
ਗੋਲੀਆਂ ਨਾਲ ਛਲਣੀ ਹੋਏ
ਲਹੂ ਲੁਹਾਨ ਭਾਰਤ !
ਉੱਠ ! ਉੱਠ !!
ਸੱਜੇ ਦੇਖ
ਖੱਬੇ ਦੇਖ
ਠੀਕ, ਅੰਧਕਾਰ ਹੈ
ਪਰ ਤੇਰੇ ਕੋਲ ਰਿਸ਼ੀਆਂ ਵਾਲੀਆਂ
ਨੂਰ ਨਾਲ ਭਰੀਆਂ ਅੱਖਾਂ ਹਨ
ਮਿੱਤਰ ਦੇਖ
ਵੈਰੀ ਦੇਖ
ਇਹਨਾਂ ਦੀ ਪਹਿਚਾਣ ਕਰ ।

o 7 ਨਵੰਬਰ 1984

## 2. ਇੰਦਰਾ ਗਾਂਧੀ ਦੇ ਕਤਲ ਬਾਰੇ

(3 ਨਵੰਬਰ, 1984) ਕੇਂਦਰੀ ਕਮੇਟੀ (ਜਥੇਬੰਦਕ)
ਹਿੰਦ ਕਮਿ: ਇਨ: ਏਕਤਾ ਕੇਂਦਰ (ਮਾਰਕਸੀ-ਲੈਨਿਨੀ)
(ਨਾਗੀ ਰੈਡੀ ਗਰੁੱਪ)

ਇੰਦਰਾ ਗਾਂਧੀ ਦੇ ਆਪਣੇ 'ਰਖਿਅਕ-ਦਸਤਿਆਂ ਹੱਥੋਂ', ਉਸਦਾ ਕਤਲ ਬੜੀ ਸਨਸਨੀਖੇਜ਼ ਘਟਨਾ ਹੈ। ਭਾਵੇਂ ਹੁਣੇ-ਜਿਹੇ ਤੋਂ ਸਰਕਾਰੀ ਹਲਕਿਆਂ ਵਲੋਂ ਉਸਦੀ ਜ਼ਿੰਦਗੀ ਨੂੰ ਖ਼ਤਰੇ ਬਾਰੇ ਵਾਹਵਾ ਗੱਲ ਚਲਦੀ ਰਹੀ ਹੈ ਪਰ ਫੇਰ ਵੀ ਬਹੁਤੇ ਲੋਕ ਉਸ ਦੇ ਖ਼ੂਨੀ ਖਾਤਮੇ 'ਤੇ ਹੈਰਾਨ ਹੋਏ ਹਨ।

ਭਾਰਤ ਦੇ ਆਮ ਲੋਕਾਂ ਨੂੰ ਉਸ ਦੇ ਖ਼ੂਨੀ ਖਾਤਮੇ 'ਤੇ ਹਰਜ਼ਾ ਤੇ ਦੁੱਖ ਮਹਿਸੂਸ ਕਰਨ ਦੀ ਕੋਈ ਵਜ੍ਹਾ ਨਹੀਂ ਹੈ। ਉਹ, ਸਾਧਾਰਨ ਲੋਕਾਂ ਦੀਆਂ ਨਜ਼ਰਾਂ 'ਚ ਪੂੰਜੀ ਅਤੇ ਭੋਏਂ ਮਾਲਕਾਂ ਦੀ ਦਬਾਊ, ਭਰਿਸ਼ਟ ਤੇ ਆਪਾ-ਸ਼ਾਹ ਹਕੂਮਤ ਦਾ ਜਿਉਂਦਾ-ਜਾਗਦਾ ਚਿੰਨ੍ਹ ਬਣ ਚੁਕੀ ਸੀ ਅਤੇ ਤੇਜ਼ੀ ਨਾਲ ਹੋਰ ਬਣ ਰਹੀ ਸੀ। ਉਹ ਇਸ ਤੋਂ ਖਹਿੜਾ ਛਡਾਉਣਾ ਚਾਹੁੰਦੇ ਸਨ। ਪਰ ਉਸ ਨੂੰ ਸਿਆਸੀ-ਦ੍ਰਿਸ਼ ਤੋਂ ਗਲਤ ਢੰਗ ਨਾਲ ਲਾਂਭੇ ਕੀਤਾ ਗਿਆ ਹੈ। ਪਹਿਲਾਂ ਹੀ ਆਵਦੀ ਜ਼ਿੰਦਗੀ ਦੇ ਸਿਰੇ 'ਤੇ ਪਹੁੰਚੀ, ਉਹ ਕਿਸੇ ਦੇ ਹੱਥਾਂ ਦਾ ਖਿਡੌਣਾ ਬਣੇ ਕੁਝ ਸਿਰ-ਤੱਤਿਆਂ ਵਲੋਂ ਸਰੀਰਕ ਤੌਰ 'ਤੇ ਕਤਲ ਕੀਤੇ ਜਾਣ ਦੀ ਹੱਕਦਾਰ ਨਹੀਂ ਸੀ ਸਗੋਂ ਗੁੱਸੇ ਨਾਲ ਭਰੇ-ਪੀਤੇ ਲੋਕਾਂ ਹੱਥੋਂ ਸਿਆਸੀ ਤੌਰ 'ਤੇ ਖਾਰਜ ਕੀਤੇ ਜਾਣ ਦੀ ਹੱਕਦਾਰ ਸੀ। ਸਿਆਸੀ ਤੌਰ 'ਤੇ ਵਿਰੋਧੀ-ਵਿਅਕਤੀਆਂ ਨੂੰ ਸਰੀਰਕ ਤੌਰ 'ਤੇ ਖਤਮ ਕਰਨ ਦਾ ਪੁਰਾਤਨ-ਅਮਲ ਨਾ ਤਾਂ ਲੋਕਾਂ ਦਾ ਹਥਿਆਰ ਹੈ, ਨਾ ਹੀ ਲੋਕਾਂ ਦੇ ਕਾਜ਼ ਦੀ ਸੇਵਾ ਕਰਦਾ ਹੈ। ਸਗੋਂ ਇਹ ਤਾਂ ਨੀਚ-ਹਾਕਮਾਂ ਤੇ ਉਹਨਾਂ ਦੇ ਵਰਦੀਧਾਰੀ ਜਾਂ ਗੈਰ-ਵਰਦੀਧਾਰੀ ਭਾੜੇ ਦੇ ਟੱਟੂਆਂ ਵੱਲੋਂ ਵਰਤਿਆ ਜਾਂਦਾ ਪ੍ਰੰਪਰਾਗਤ ਢੰਗ ਹੈ।

ਜਿੰਨਾਂ ਹਾਲਤਾਂ 'ਚ ਇਹ ਕਤਲ ਹੋਇਆ ਹੈ, ਉਹ ਇਸ ਨੂੰ ਮੰਦ-ਭਾਗੀ ਘਟਨਾ ਬਣਾਉਂਦੀਆਂ ਹਨ। ਹਿੰਦੂ ਤੇ ਸਿੱਖ ਭਾਈਚਾਰਿਆਂ ਦੇ ਵਾਹਵਾ ਹਿੱਸਿਆਂ

ਅੰਦਰ ਬੇਹੱਦ ਫਿਰਕੂ-ਤਨਾਅ ਵਾਲਾ ਮਹੌਲ ਪਹਿਲਾਂ ਹੀ ਬਣਿਆ ਹੋਇਆ ਸੀ। ਪੰਜਾਬ ਅੰਦਰ ਵਾਪਰੀਆਂ ਖ਼ੂਨੀ ਘਟਨਾਵਾਂ ਕਾਰਨ ਬਣੇ ਫ਼ਿਰਕੂ-ਮਾਹੌਲ ਅੰਦਰ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਉਸ ਦੇ ਸਿੱਖ ਰਾਖਾ-ਦਸਤਿਆਂ ਵਲੋਂ ਕੀਤੇ ਕਤਲ ਨਾਲੋਂ ਸ਼ਾਇਦ ਹੀ ਕੋਈ ਹੋਰ ਘਟਨਾ ਵਧੇਰੇ ਧਮਾਕਾਖੇਜ਼ ਸਮਰੱਥਾ ਰਖਦੀ ਹੋਵੇ। ਲੋਕਾਂ ਦੇ ਇਕ ਹਿੱਸੇ ਨੂੰ ਇਹ ਲਾਜ਼ਮੀ ਹੀ ਲੱਗਣਾ ਸੀ ਅਤੇ ਲੱਗਿਆ ਵੀ ਕਿ ਇਹ ਫਿਰਕੂ ਤੌਰ 'ਤੇ ਭੜਕਾਊ ਵਾਰ ਕੀਤਾ ਗਿਆ ਹੈ। ਬਾਕੀ ਗੱਲ ਇਹ ਹੈ ਕਿ ਜਨੂੰਨੀਆਂ, ਸਿਆਸੀ-ਭੜਕਾਊਆਂ ਤੇ ਗੁੰਡਾ ਅਨਸਰਾਂ ਦਾ ਕੋਈ ਤੋੜਾ ਨਹੀਂ, ਜਿਹੜੇ ਬੇਕਸੂਰ ਲੋਕਾਂ ਦੀ ਜਾਨ ਤੇ ਮਾਲ ਨੂੰ ਤਬਾਹ ਕਰਨ ਲਈ ਇਸ ਦੀ ਹਥਿਆਰ ਵਜੋਂ ਵਰਤੋਂ ਕਰਨਗੇ। ਪਿਛਲੇ ਦੋ ਦਿਨਾਂ ਅੰਦਰ ਵਿਸ਼ਾਲ ਪੱਧਰ 'ਤੇ ਹੋਈਆਂ ਗੜਬੜਾਂ ਲੋਕਾਂ ਅੰਦਰ ਭਾਈਚਾਰਕ-ਇਕਸੁਰਤਾ ਨੂੰ ਪੁਚਾਏ ਵੱਡੇ ਨੁਕਸਾਨ ਵਲ ਹੀ ਨਹੀਂ, ਸਗੋਂ ਲੋਕਾਂ ਦੀ ਸੇਹਤਮੰਦ-ਸੋਚਣੀ ਤੇ ਏਕਤਾ 'ਤੇ ਮੰਡਲਾ ਰਹੇ ਵਡੇਰੇ ਖ਼ਤਰੇ ਵੱਲ ਵੀ ਭਿਆਨਕ ਇਸ਼ਾਰਾ ਕਰਦੀਆਂ ਹਨ। ਸਾਰੀਆਂ ਧਰਮ-ਨਿਰਪੱਖ ਜਮਹੂਰੀ ਤੇ ਇਨ੍ਹ: ਤਾਕਤਾਂ ਨੂੰ, ਇਸ ਬਰਬਾਦੀ ਨੂੰ ਰੋਕਣ ਲਈ ਅਤੇ ਸਮਾਜਿਕ-ਤਬਾਹੀ ਨੂੰ ਟਾਲਣ ਲਈ, ਆਪਣਾ ਪੂਰਾ ਤਾਣ ਲਾ ਦੇਣਾ ਚਾਹੀਦਾ ਹੈ। ਇਹ ਵਿਕਸਤ ਹੋ ਰਹੀ ਹਾਲਤ ਦੀ ਜ਼ੋਰਦਾਰ ਮੰਗ ਹੈ ਕਿ ਸਮਾਜ ਦੇ ਸੂਝਵਾਨ ਅਨਸਰ, ਇਸ ਫਿਰਕੂ-ਤਰਕ ਨੂੰ ਨਿਝੱਕ ਹੋ ਕੇ ਭੰਡਣ ਅਤੇ ਦੋਵਾਂ ਫਿਰਕਿਆਂ ਦੇ ਜ਼ਖ਼ਮੀ-ਮਨਾਂ ਦੇ ਤੁਅੱਸਬਾਂ ਮੂਹਰੇ ਬਹਾਦਰੀ ਨਾਲ ਡਟਣ।

ਇੰਦਰਾ ਗਾਂਧੀ ਦੇ ਕਤਲ ਉਪਰੋਕਤ ਦੁਖਦਾਈ ਸਿੱਟੇ ਤੋਂ ਇਲਾਵਾ, ਇਸ ਘਟਨਾ ਦੇ ਵਡੇਰੇ ਸਿਆਸੀ ਮੋੜਵੇਂ ਅਸਰ ਪੈਣੇ ਹਨ।

ਇੰਦਰਾ ਗਾਂਧੀ, ਭਾਰਤੀ ਹੁਕਮਰਾਨ ਜਮਾਤਾਂ ਦੇ ਮੌਜੂਦਾ ਸਭ ਤੋਂ ਸਿਆਣੇ, ਕਾਬਲ ਤੇ ਧੜੱਲੇਦਾਰ ਸਿਆਸਤਦਾਨਾਂ 'ਚੋਂ ਸੀ। ਮੌਜੂਦਾ ਹਾਲਤਾਂ ਅੰਦਰ ਵੀ, ਜਦੋਂ ਇਕ ਅਸਰਦਾਰ ਸਿਆਸੀ ਹਾਕਮ ਵਜੋਂ ਉਸਦੀ ਫੂਕ ਨਿਕਲ ਰਹੀ ਸੀ, ਬੁਰਜੂਆ-ਸਿਆਸਤ ਦੀ ਬੁੱਕਲ 'ਚ ਉਹੀ ਇਕ ਕੌਮੀ ਕੱਦ-ਕਾਠ ਵਾਲੀ ਸ਼ਖ਼ਸੀਅਤ ਸੀ। ਸੰਕਟ-ਗ੍ਰਸੀ ਤੇ ਮਰ ਰਹੀ ਮੌਜੂਦਾ ਬੁਰਜੂਆ-ਸਿਆਸਤ, ਜਿਸ ਅੰਦਰ ਸਾਰੀਆਂ ਬੁਰਜੂਆ ਸਿਆਸੀ ਪਾਰਟੀਆਂ ਆਪਣਾ ਤੰਤ, ਇਕਜੁੱਟਤਾ, ਤੇ ਪੜ੍ਹਤ ਗੁਆ ਬੈਠੀਆਂ ਹਨ, ਰਾਜ-ਗੱਦੀ ਤੇ ਰੁਤਬੇ ਲਈ ਕੁੱਤੇ-ਘਸੀਟ 'ਚ ਸਾਰੇ ਵਿਰੋਧੀਆਂ ਨਾਲੋਂ ਇੰਦਰਾ ਗਾਂਧੀ ਦੀ ਸ਼ਖ਼ਸੀਅਤ ਹੀ ਉਤੋਂ ਦੀ ਸੀ। ਉਸਦੇ ਅਚਾਨਕ ਖ਼ਾਤਮੇ ਨੇ ਭਾਰਤੀ

## ਜਦੋਂ ਚਿਤਾ ਜਲ ਰਹੀ ਸੀ।

31 ਅਕਤੂਬਰ ਪ੍ਰਧਾਨ ਮੰਤਰੀ ਦੀ ਹਤਿਆ ਹੋਈ। 3 ਨਵੰਬਰ ਉਹਦੀ ਦੇਹ ਨੂੰ ਅਗਨੀ ਦੀ ਭੇਟ ਕੀਤਾ ਗਿਆ। ਚੰਦਨ ਦੀ ਲਕੜੀਆਂ ਅਤੇ ਸੁਧ ਘਿਓ ਦੇ ਨਾਲ ਮੰਤਰਾਂ ਦੇ ਰੱਟਨ ਦਰਮਿਆਨ ਜਦੋਂ ਇਸ ਦੇਹ ਦਾ ਸਸਕਾਰ ਹੋ ਰਿਹਾ ਸੀ ਤਾਂ ਉਸ ਵੇਲੇ ਉਨ੍ਹਾਂ ਹਜ਼ਾਰਾਂ ਦੇਹਾਂ ਦਾ ਖਿਆਲ ਆਉਣਾ ਵੀ ਜ਼ਰੂਰੀ ਸੀ ਜਿਨ੍ਹਾਂ ਨੂੰ ਚੰਦਨ ਦੀ ਲਕੜੀ ਨਹੀਂ, ਦੇਸੀ ਘਿਉ ਨਹੀਂ, ਮੰਤਰਾਂ ਦਾ ਰੱਟਨ ਨਹੀਂ ਨਸੀਬ ਹੋਏ ਸਨ। ਸਿਰਫ ਪੈਟਰੋਲ ਤੇ ਮਿੱਟੀ ਦਾ ਤੇਲ ਮਿਲਿਆ ਸੀ। ਉਹ ਜਿਸਮ ਲਾਸ਼ਾਂ ਨਹੀਂ ਸਨ, ਜਿਊਂਦੇ ਜਾਗਦੇ ਲੋਕਾਂ ਦੇ ਜਿਸਮ ਸਨ, ਜਿਨ੍ਹਾਂ ਨੂੰ ਮੰਤਰਾਂ ਦੇ ਰੱਟਨ ਵਿਚ ਨਹੀਂ ਸਗੋਂ ਚੀਕਾਂ ਤੇ ਗਾਲ੍ਹਾਂ ਦੀ ਰੱਟਨ ਵਿਚ ਸਾੜਿਆ ਜਾ ਰਿਹਾ ਸੀ। ਹਿੰਦੋਸਤਾਨ ਭਰ ਦਾ ਗੁੰਡਾ ਅਨਸਰ, ਜਿਸ ਵਿਚ ਰਾਜਸੀ ਠੱਗ, ਨੈਸ਼ਨਲ ਸਟੂਡੈਂਟ ਆਫ ਯੂਨੀਅਨ ਦੇ ਗੁੰਡੇ, ਲੁੰਪਨ ਗੁੰਡੇ (ਜੋ ਰਾਜਸੀ ਲੀਡਰਾਂ ਦੇ ਇਸ਼ਾਰੇ ਨੂੰ ਉਡੀਕਦੇ ਹਨ) ਸਮਗਲਰ, ਕਾਲੇ ਧੰਦੇ ਦੇ ਮਾਹਿਰ ਸ਼ਾਮਿਲ ਹਨ, ਸ੍ਰੀਮਤੀ ਇੰਦਰਾ ਗਾਂਧੀ ਦੀ ਹਿੰਦੋਸਤਾਨ ਨੂੰ ਦੇਣ ਸੀ। ਸ੍ਰੀਮਤੀ ਗਾਂਧੀ ਦਾ ਸਰੀਰ ਅਗਨੀ ਭੇਟ ਸੀ ਤੇ ਦਿੱਲੀ ਸਾਰੀ ਵੀ ਅੱਗ ਦੀ ਭੇਟ ਸੀ, ਅੱਗ ਅੱਗ ਨੂੰ ਸ਼ਰਧਾਂਜਲੀ ਦੇ ਰਹੀ ਸੀ। ਹਿੰਦੋਸਤਾਨ ਸਾਰਾ ਚੁੱਪ ਇਕ ਸੰਤਾਪ ਦੀ ਹਾਲਤ ਵਿਚ ਇਸ ਦੁਖਾਂਤ ਨੂੰ ਵੇਖ ਰਿਹਾ ਸੀ।

—ਦਿੱਲੀ ਤੋਂ ਇਕ ਲੇਖਕ
(ਨਾਂ, ਪਤਾ ਨਹੀਂ, ਉਹਨੇ ਕਿਉਂ ਨਹੀਂ ਲਿਖਿਆ?)

ਸਿਆਸਤ ਦੇ ਪਹਿਲਾਂ ਹੀ ਡੋਲਦੇ ਪਾਣੀਆਂ 'ਚ ਇਕਦਮ ਹਲਚਲ ਮਚਾ ਦਿਤੀ ਹੈ। ਹੁਕਮਰਾਨ ਜਮਾਤ ਦੇ ਸਿਆਸੀ ਹਲਕਿਆਂ ਦੀ ਉਪਰੋਂ-ਦਿਸਦੀ ਚੁੱਪ ਤੇ ਸ਼ਾਂਤੀ ਦੇ ਪਰਦੇ ਪਿਛੇ ਅਨਿਸਚਿਤਤਾ ਤੇ ਘਬਰਾਹਟ ਦਾ ਮਹੌਲ ਛਾਇਆ ਹੋਇਆ ਹੈ। ਇੰਦਰਾ ਗਾਂਧੀ ਦੇ ਅਚਾਨਕ ਖ਼ੂਨੀ ਖ਼ਾਤਮੇ ਨਾਲ ਪੈਦਾ ਹੋਈ ਪਲ ਪਲ ਬਦਲਦੀ ਹਾਲਤ ਦਾ ਸਾਹਮਣਾ ਕਰਨ ਲਈ ਵਖੋ ਵੱਖ ਹਲਕਿਆਂ ਵਲੋਂ ਚਾਲਾਂ ਤੇ ਉਲਟ-ਚਾਲਾਂ ਦੀ ਦੌੜ ਲੱਗੀ ਹੋਈ ਹੈ। ਆਉਣ ਵਾਲਾ ਸਮਾਂ, ਆਪਣੀ ਕੁੱਖ ਅੰਦਰ, ਬੜੇ ਸਿਆਸੀ ਮੋੜ-ਘੋੜ ਸਾਂਭੀ ਬੈਠਾ ਹੈ।

ਬਿਨਾ ਸ਼ੱਕ, ਇਸ ਵਿਕਾਸ ਨੇ, ਮੌਜੂਦਾ ਭਾਰਤੀ ਬੁਰਜੂਆ-ਸਿਆਸਤ ਦੀ ਅਸਥਿਰਤਾ ਤੇ ਅਨਿਸਚਿਤਤਾ ਵਿਚ ਅਤੇ ਹੁਕਮਰਾਨ ਜਮਾਤਾਂ ਦੀ ਸਿਰਦਰਦੀ 'ਚ ਵਾਧਾ ਕੀਤਾ ਹੈ। ਪਰ, ਪੈਦਾ ਹੋਣ ਵਾਲੀ ਹਾਲਤ ਅੰਦਰ ਲੋਕਾਂ ਦੇ ਧਰਵਾਸ ਲਈ ਕੁਝ ਵੀ ਨਹੀਂ ਹੈ। ਹੁਕਮਰਾਨ

## ਆਂਧਰਾ ਤੋਂ ਇਕ ਬਿਆਨ

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਆਪਣੇ ਹੀ ਸਿਕਉਰਟੀ-ਗਾਰਡਾਂ ਦੇ ਹੱਥੋਂ ਮਾਰੇ ਜਾਣ ਦਾ ਕੋਈ ਵੀ ਪ੍ਰਤੀਕਰਮ ਹੋਵੇ ਪਰ ਇਹ ਕਿਸੇ ਵੀ ਹਾਲਤ ਵਿਚ ਕਿਸੇ ਇਕ ਜਾਂ ਸਾਰੇ ਸਿਖਾਂ ਵਿਰੁਧ ਨਫਰਤ ਅਤੇ ਹਿੰਸਾ ਦਾ ਕਾਰਨ ਨਹੀਂ ਹੋਣਾ ਚਾਹੀਦਾ । ਜਦੋਂ ਕੋਈ ਬੀਜ ਬੀਜਿਆ ਜਾਏ ਤਾਂ ਉਹਦਾ ਫਲ ਨਿਕਲਣਾ ਹੀ ਹੁੰਦਾ ਹੈ। ਅਫਸੋਸ ਇਸ ਗੱਲ ਦਾ ਹੈ ਕਿ ਇਹ ਬੀਜ ਇੰਦਰਾ ਗਾਂਧੀ ਨੇ ਆਪਣੀਆਂ ਪਾਲਸੀਆਂ ਰਾਹੀਂ ਬੀਜਿਆ ਹੈ ਪਰ ਇਸ ਦਾ ਫਲ ਸਾਰੇ ਦੇਸ਼ ਨੂੰ ਭੁਗਤਨਾ ਪੈ ਰਿਹਾ ਹੈ। ਪੰਜਾਬ ਦਾ ਮਸਲਾ ਅਸਾਮ ਅਤੇ ਨੇਫਾ ਵਾਂਗੂੰ ਜਾਣ ਬੁਝ ਕੇ ਉਲਝਾਇਆ ਗਿਆ ਹੈ ਅਤੇ ਛੋਟੀਆਂ ਕੌਮੀਅਤਾਂ ਦੇ ਆਪਣੀ ਸਭਿਆਚਾਰਕ ਪਛਾਣ ਦੀ ਮੰਗ ਨੂੰ ਦੇਸ਼ ਧਰੋਹੀ ਰੰਗ ਵਿਚ ਪੇਸ਼ ਕੀਤਾ ਗਿਆ ਹੈ। ਸਿਖਾਂ ਦਾ ਭਾਰੀ ਮਾਤਰਾ ਵਿਚ ਜਾਨ ਤੇ ਮਾਲ ਦਾ ਨੁਕਸਾਨ ਸਿਰਫ ਇਸ ਲਈ ਕੀਤਾ ਗਿਆ ਹੈ ਕਿ ਸਿਕਉਰਟੀ ਗਾਰਡ ਵਿਚ ਪ੍ਰਧਾਨ ਮੰਤਰੀ ਦੀ ਹਤਿਆ ਕਰਨ ਵਾਲੇ ਦੋ ਸਿੱਖ ਸਨ। ਇਹ ਅਮਲ ਕਰੜੇ ਤੋਂ ਕਰੜੇ ਸ਼ਬਦਾਂ ਵਿਚ ਨਿੰਦਣਯੋਗ ਹੈ। ਕੁਝ ਤਾਂ ਸਿਖ ਪੰਜਾਬ ਤੋਂ ਬਾਹਰ ਏਨੇ ਸਾਲਾਂ ਤੋਂ ਰਹਿ ਰਹੇ ਹਨ ਕਿ ਉਹਨਾਂ ਦੀਆਂ ਅਗਲੀਆਂ ਪੀੜੀਆਂ ਪੰਜਾਬੀ ਜ਼ਬਾਨ ਵੀ ਨਹੀਂ ਬੋਲ ਸਕਦੀਆਂ। ਉਹਨਾਂ ਨੂੰ ਨਫਰਤ ਦਾ ਸ਼ਿਕਾਰ ਬਨਾਉਣਾ ਇੱਕ ਘਿਣਾਉਣੀ ਹਰਕਤ ਹੈ। ਆਂਧਰਾ ਦੇ ਲੋਕਾਂ ਵਲੋਂ ਅਤੇ ਖਾਸ ਕਰ ਕੇ AILRC (ਆਲ ਇੰਡੀਆ ਫਾਰ ਰੈਵੂਲੂਸ਼ਨਰੀ ਕਲਚਰ) ਵਲੋਂ ਮੈਂ ਸਿਖ ਫਿਰਕੇ ਵਿਰੁਧ ਹਿੰਦੂ ਸ਼ਾਵਨਵਾਦੀਆਂ ਅਤੇ ਸਿਆਸੀ ਠੱਗਾਂ ਦੀ ਕਾਰਵਾਈ ਦੀ ਪੂਰੀ ਤਰ੍ਹਾਂ ਨਿਖੇਧੀ ਕਰਦਾ ਹੋਇਆ ਆਪਣੇ ਦੇਸ਼-ਵਾਸੀਆਂ ਅਗੇ ਅਪੀਲ ਕਰਦਾ ਹਾਂ, ਇਸ ਫਾਸ਼ੀ ਸੋਚ ਵਾਲੀ ਕਾਰਵਾਈ ਵਿਰੁਧ ਪੂਰੇ ਜ਼ੋਰ ਨਾਲ ਦਖਲਅੰਦਾਜ਼ੀ ਕਰਨ। ਸਿਖਾਂ ਵਿਰੁਧ ਇਹ ਕਾਰਵਾਈ ਉਹਨਾਂ ਲੀਹਾਂ ਉਤੇ ਹੀ ਹੈ, ਜਿਨ੍ਹਾਂ ਲੀਹਾਂ ਤੇ ਚਲਦੇ ਹੋਏ ਹਿਟਲਰ ਨੇ ਯਹੂਦੀਆਂ ਦਾ ਖੁਰਾ ਖੋਜ ਮਿਟਾਉਣ ਦਾ ਯਤਨ ਕੀਤਾ ਸੀ। ਮੈਂ ਇਸ ਸਾਲ ਅਗਸਤ ਵਿਚ ਜਦੋਂ ਕ੍ਰਾਂਤੀਕਾਰੀ ਸਾਹਿਤ ਸਭਾ ਦੇ ਅਜਲਾਸ ਮਹਿਰਾਜ (ਬਠਿੰਡਾ) ਗਿਆ ਸਾਂ ਤਾਂ ਮੈਨੂੰ ਪੰਜਾਬ ਦੇ ਲੋਕਾਂ ਦੀ ਇਨਕਲਾਬੀ ਚੇਤਨਾ ਦਾ ਅਹਿਸਾਸ ਹੋਇਆ ਸੀ। ਮੈਂ ਉਮੀਦ ਕਰਦਾ ਹਾਂ ਕਿ ਉਹ ਇਸ ਫਾਸ਼ੀ ਠੱਗ ਗੀਰੀ ਦਾ ਮੁਕਾਬਲਾ ਇਨਕਲਾਬੀ ਚੇਤਨਾ ਨਾਲ ਕਰਨਗੇ ਤੇ ਬਦਲੇ ਵਿਚ ਕੋਈ ਐਸੀ ਕਾਰਵਾਈ ਨਹੀਂ ਕਰਨਗੇ ਜੋ ਇਸ ਚੇਤਨਾ ਨੂੰ ਧੁੰਦਲਾ ਕਰੇ।

(ਕੇ. ਵੀ. ਆਰ. ਆਂਧਰਾ ਦੇ ਪ੍ਰਸਿੱਧ ਲੇਖਕ—ਜਨਰਲ ਸਕੱਤਰ ਆਲ ਇੰਡੀਆ ਲੀਗ ਫਾਰ ਰੈਵੂਲੂਸ਼ਨਰੀ ਕਲਚਰ)

ਭਾਰਤੀ-ਬੁਰਜੂਆਜ਼ੀ ਆਪਣੀ ਹਕੂਮਤ ਦੀਆਂ ਬਦਲੀਆਂ ਲੋੜਾਂ ਅਨੁਸਾਰ ਆਪਣੇ ਆਪ ਨੂੰ ਢਾਲਣ 'ਚ ਸਿਆਸੀ ਤੌਰ 'ਤੇ ਹੰਢੀ-ਵਰਤੀ ਤੇ ਤਜਰਬੇਕਾਰ ਹੈ। ਇਸ ਤੋਂ ਵੀ ਮਹੱਤਵਪੂਰਨ ਗੱਲ ਹੈ ਕਿ ਫੌਰੀ ਪ੍ਰਸੰਗ ਅੰਦਰ, ਲੋਕਾਂ ਦੀ ਇਨ: ਜਥੇਬੰਦੀ ਤੇ ਚੇਤਨਾ ਦੀ ਵੱਡੀ ਕਮੀ-ਪੇਸ਼ੀ, ਬੇਚੈਨ ਲੋਕਾਂ ਦੇ ਸਨਮੁਖ ਹਾਕਮ-ਜਮਾਤਾਂ ਨੂੰ ਆਵਦੀਆਂ ਤਾਕਤਾਂ ਨੂੰ ਮੁੜ ਜਥੇਬੰਦ ਕਰਨ ਅੰਤੇ ਆਵਦੀ ਪੁਜ਼ੀਸ਼ਨ ਨੂੰ ਪੱਕੇ-ਪੈਰੀਂ ਕਰਨ ਲਈ ਰਾਹ ਦਿੰਦੀ ਹੈ।

ਇਸ ਘਟਨਾ ਨਾਲ, ਲਾਜ਼ਮੀ ਹੀ, ਦੋ ਦਿਓ ਤਾਕਤਾਂ ਵਲੋਂ, ਹਾਕਮ ਜਮਾਤਾਂ ਦੀ ਆਪਸੀ-ਖਿਚੋਤਾਣ ਨੂੰ, ਤੇ ਇਸ ਹਾਲਤ 'ਚੋਂ ਵਧੋ ਵੱਧ ਲਾਹਾ ਖੱਟਣ ਦੀ ਦੌੜ ਨੂੰ ਤੇਜ਼ੀ ਮਿਲੂ, ਖਰ, ਅਮਰੀਕਾ ਤੇ ਸੋਵੀਅਤ ਯੂਨੀਅਨ 'ਚੋਂ ਕਿਸੇ ਵਲੋਂ ਵੀ, ਭਾਰਤ ਅੰਦਰ ਮੌਜੂਦਾ ਤਾਕਤਾਂ ਦੇ ਤੋਲ ਨੂੰ ਇਕੋ ਝਟਕੇ ਬਦਲਣ ਦੀ ਕੋਸ਼ਸ਼, ਦੋਵਾਂ ਵਿਚਕਾਰ ਗੰਭੀਰ ਹਥਿਆਰਬੰਦ ਟੱਕਰ ਦੀ ਖ਼ਤਰਨਾਕ ਹਾਲਤ ਨੂੰ ਜਨਮ ਦੇ ਸਕਦੀ ਹੈ। ਕੌਮਾਂਤਰੀ ਹਾਲਤ ਦੇ ਮੌਜੂਦਾ ਮੋੜ 'ਤੇ ਦੋਵਾਂ 'ਚੋਂ ਕਿਸੇ ਨੂੰ ਵੀ ਇਹ ਜ਼ੋਖਮ ਪੁੱਗਦਾ ਨਹੀਂ। ਭਾਵੇਂ ਕਿ ਦੋਵੇਂ, ਆਪੋ-ਆਪਣੇ ਮੰਤਵਾਂ ਨੂੰ ਪੜਾਵਾਂ ਰਾਹੀਂ ਹਾਸਲ ਕਰਨ ਲਈ ਸਿਰਤੋੜ ਕੋਸ਼ਸ਼ਾਂ ਕਰਨਗੇ।

ਵੱਧ ਧਕੜਸ਼ਾਹ ਹਕੂਮਤ ਵੱਲ ਝੁਕਾਅ (Swing) ਦੇ, ਜਿਹੜਾ ਕਿ ਪਿਛਲੇ ਕੁਝ ਵਰ੍ਹਿਆਂ ਅੰਦਰ ਵੇਗ ਫੜਦਾ ਆ ਰਿਹਾ ਹੈ, ਖਤਮ ਹੋਣ ਦੀ ਗੱਲ ਤਾਂ ਦੂਰ ਰਹੀ, ਸਗੋਂ ਇਸ ਨੇ ਹੁਣ ਛੇਤੀ ਸਿਰੇ ਲਗ ਕੇ ਰਹਿਣਾ ਹੈ।

ਇਸ ਤਰ੍ਹਾਂ ਭਾਰਤੀ ਸਿਆਸੀ ਮੰਚ ਤੋਂ ਇੰਦਰਾ ਗਾਂਧੀ ਦੇ ਅਚਾਨਕ ਚਲੇ ਜਾਣ ਨਾਲ, ਇਹ ਜ਼ਰੂਰੀ ਨਹੀਂ ਕਿ ਫੌਰੀ ਹੀ ਨਾਟਕੀ ਤਬਦੀਲੀਆਂ ਵਾਪਰਨ। ਪਰ, ਸੰਕਟ-ਗ੍ਰਸੀ ਮੌਜੂਦਾ ਕੌਮੀ ਤੇ ਕੌਮਾਂਤਰੀ ਹਾਲਤ ਦੇ ਪ੍ਰਸੰਗ 'ਚ—ਜੋਹੜੀ ਭਾਰਤੀ ਹੁਕਮਰਾਨ ਜਮਾਤਾਂ ਦੀਆਂ ਕਿੰਨੀਆਂ ਹੀ ਵਿਉਂਤਬੰਦੀਆਂ ਅਤੇ ਗਿਣਤੀਆਂ-ਮਿਣਤੀਆਂ ਨੂੰ ਉਖੇੜਨ ਦਾ ਤੱਤ ਰਖਦੀ ਹੈ ਇਹ ਘਟਨਾ ਦੇਰ ਪਾ ਕੇ ਲੱਗਣ ਵਾਲੇ ਪਲੀਤੇ ਵਾਂਗ ਕੰਮ ਕਰੇਗੀ। ਇਸ ਨੂੰ ਮੱਦੇ-ਨਜ਼ਰ ਰਖਦੇ ਹੋਏ, ਭਾਰਤੀ ਲੋਕਾਂ ਤੇ ਕਮਿ: ਇਨ: ਸਕਤੀਆਂ ਨੂੰ ਪਿਛਾਖੜੀ ਤਾਕਤਾਂ ਦੇ ਦੋ-ਧਾਰੇ ਹੱਲੇ—ਤਿੱਖਾ ਰਿਆਸਤੀ ਅਤਿਆਚਾਰ ਤੇ ਸਮਾਜਿਕ ਟਕਰਾਅ ਦਾ ਅਸਰਦਾਰ ਢੰਗ ਨਾਲ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਆਉਣ ਵਾਲੇ ਸਮੇਂ 'ਚ, ਬੰਦੂਕ ਵੱਧਵਾਂ ਸਿਆਸੀ ਰੋਲ ਅਖਤਿਆਰ ਕਰੇਗੀ। ਲੋਕਾਂ ਨੂੰ ਇਸ ਮਸਲੇ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਉਹ ਇਸ

ਸਬੰਧ 'ਚ ਅਤੇ ਆਪਣੀਆਂ ਤਾਕਤਾਂ ਤੇ ਲੀਡਰਸ਼ਿਪ ਦੀ ਭਰੋਸੇਯੋਗ ਜ਼ਬਤਬੱਧ ਤੇ ਅਸਰਦਾਰ ਜਥੇਬੰਦੀ ਦੇ ਸਬੰਧ 'ਚ ਕਿੱਥੇ ਖੜੇ ਹਨ।

ਆਉਣ ਵਾਲੇ ਸਮੇਂ ਅੰਦਰ ਭਾਰਤੀ ਲੋਕਾਂ ਦੀ ਇਨ: ਲਹਿਰ ਲਾਜ਼ਮੀ ਹੀ ਮਹੱਤਵਪੂਰਨ ਪੇਸ਼ ਕਦਮੀਆਂ ਕਰੇਗੀ, ਪਰ ਇਹ ਸਵਾਲ ਅਜੇ ਵੀ ਖੜਾ ਹੈ ਕਿ ਉਹ ਇਹ ਪੇਸ਼ਕਦਮੀਆਂ ਵਾਜਬ-ਕੀਮਤ ਤਾਰ ਕੇ ਕਰਦੇ ਹਨ ਜਾਂ ਗੈਰ-ਵਾਜਬ-ਕੀਮਤ ਤਾਰ ਕੇ। ਆਓ ਆਪਣੀ ਪਹਿਲੇ ਸਿਰੇ ਦੀ ਪ੍ਰਾਪਤੀ ਲਈ ਹੰਭਲਾ ਮਾਰੀਏ।

○

## 3. ਇੰਦਰਾ-ਦੌਰ—ਇਕ ਨਿਰਣਾ

—ਪ੍ਰੋ. ਹਮਦਰਦਵੀਰ ਨੌਸ਼ਹਿਰਵੀ

ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਫੌਰਨ ਬਾਅਦ, ਜਿਸ ਪੱਧਰ ਉਤੇ ਰਾਜਧਾਨੀ ਦਿੱਲੀ ਅਤੇ ਭਾਰਤ ਦੇ ਹੋਰ ਕਈ ਸ਼ਹਿਰਾਂ ਵਿਚ ਫਿਰਕੂ ਫਸਾਦ ਕਤਲ, ਅੱਗਜ਼ਨੀ ਤੇ ਲੁੱਟਮਾਰ ਹੋਈ—ਲਗਦਾ ਹੈ ਜਿਵੇਂ ਭਾਰਤੀ ਰਾਸ਼ਟਰਵਾਦ ਦੀ ਹੀ ਹੱਤਿਆ ਹੋ ਗਈ ਹੋਵੇ। ਏਨੇ ਵੱਡੇ ਪੱਧਰ ਉਤੇ ਹੋਏ ਇਹ ਫ਼ਿਰਕੂ ਦੰਗੇ ਫਸਾਦ 1947 ਦੀ ਕਲਮੂੰਹੀ ਯਾਦ ਤਾਜ਼ਾ ਕਰਦੇ ਹਨ। ਭਾਰਤ ਵਿਚ ਹਿੰਦੂ, ਮੁਸਲਮਾਨ, ਸਿੱਖ ਈਸਾਈ ਆਦਿ ਬਰਾਬਰ ਦਾ ਦਰਜਾ ਰਖਦੇ ਹਨ। ਇੰਦਰਾ ਗਾਂਧੀ ਦੀ ਪਰਧਾਨ ਮੰਤਰੀ ਸੀ ਨਾ ਕਿ ਸਿਰਫ ਹਿੰਦੂਆਂ ਦੀ। ਉਸ ਦੀ ਮੌਤ ਦਾ ਸਾਰਿਆਂ ਨੂੰ ਦੁੱਖ ਹੋਇਆ। ਪਰ ਇਸ ਬੇਵਕਤੀ ਮੌਤ ਤੋਂ ਬਾਅਦ ਜਿਹੜਾ ਕਹਿਰ ਤੇ ਤਸ਼ੱਦਦ ਕੁਝ ਫਿਰਕੂ ਹਿੰਦੂਆਂ ਵਲੋਂ ਸਿੱਖਾਂ ਉਤੇ, ਦਿੱਲੀ ਅਤੇ ਹੋਰ ਕਈ ਸ਼ਹਿਰਾਂ ਵਿਚ ਕੀਤਾ ਗਿਆ ਹੈ, ਉਹ ਅਤਿ ਨਿਖੇਧੀਯੋਗ ਹੈ। ਇਸ ਕੌਮੀ ਦੁਖਾਂਤ ਨੂੰ ਫਿਰਕੂ ਦੁਖਾਂਤ ਵਿਚ ਬਦਲ ਦਿਤਾ ਗਿਆ ਹੈ—ਇਸੇ ਵਿਚ ਹੀ ਇਸ ਸਮੁੱਚੀ ਪ੍ਰਣਾਲੀ ਦੀ ਹਾਰ ਲੁਕੀ ਹੋਈ ਹੈ।

ਇੰਦਰਾ ਦੌਰ ਦਾ ਸਭ ਤੋਂ ਵੱਡਾ ਦੁਖਾਂਤ ਫ਼ਿਰਕੂ ਰੁਚੀਆਂ ਵਿਚ ਬੇਅੰਤ ਵਾਧਾ ਹੈ। ਧਾਰਮਿਕ ਨਿਰਪਖਤਾ ਨਿਰਾ ਪਾਖੰਡ ਬਣ ਕੇ ਰਹਿ ਗਈ। ਹਰ ਗੱਲ ਜ਼ਾਤ ਤੋਂ ਆਰੰਭ ਹੁੰਦੀ—ਹਰ ਖਬਰ ਜ਼ਾਤ ਤੋਂ, ਹਰ ਨਾਮ ਜ਼ਾਤ ਤੋਂ, ਹਰ ਚੋਣ ਧਰਮ ਜ਼ਾਤ ਦੇ ਨਜ਼ਰੀਏ ਤੋਂ ਲੜੀ ਜਾਂਦੀ। ਦੇਸ਼ ਦੇ ਮੁੱਖ ਨੇਤਾ ਜੋਤਸ਼ੀਆਂ, ਨਜੂਮੀਆਂ ਪਾਸੋਂ ਟੇਵੇ ਲਗਵਾਉਂਦੇ ਫਿਰਦੇ—ਜਿਥੇ ਜਾਂਦੇ ਵੱਖ ਵੱਖ ਧਰਮ-ਦੁਆਰਿਆਂ ਸਾਹਮਣੇ ਮੱਥੇ ਰਗੜਦੇ ਫਿਰਦੇ। ਹਰ ਨਿੱਕੀ ਮੋਟੀ ਧਾਰਮਕ ਰਸਮ ਸਮੂਹ ਪਰਚਾਰ-ਸਾਧਨਾਂ ਤੋਂ ਪਰਚਾਰੀ ਜਾਂਦੀ, ਪਰਸਾਰੀ ਜਾਂਦੀ ਅਤੇ ਫਿਲਮਾਈ ਜਾਂਦੀ। ਸੰਵਿਧਾਨ ਵਿਚ ਸੈਕੂਲਰਿਜ਼ਮ ਦਾ ਅਰਥ ਸਾਰੇ ਧਰਮਾਂ ਦੀ ਖੁਲ੍ਹ ਕੇ ਪ੍ਰਚਾਰ ਕਰਨ ਤੋਂ ਲਿਆ ਗਿਆ। ਹਰ ਵੱਡੇ ਨਾਮ ਨਾਲ ਧਰਮ ਦਾ ਪ੍ਰਸੰਗ ਜੋੜਿਆ ਗਿਆ—ਮੋਹਨ ਦਾਸ ਕਰਮ ਚੰਦ ਗਾਂਧੀ ਮਹਾਤਮਾ ਸੀ। ਜਵਾਹਰ ਲਾਲ ਨਹਿਰੂ ਪੰਡਿਤ ਸੀ। ਅਬੁਲ ਕਲਾਮ ਆਜ਼ਾਦ ਮੌਲਾਨਾ ਸੀ। ਇੰਦਰਾ ਗਾਂਧੀ ਨੂੰ ਕਈ ਵਾਰ ਦੁਰਗਾ, ਚੰਡੀ, ਲਕਸ਼ਮੀ, ਦੇਵੀ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਰਿਹਾ। ਬਹੁਤੇ ਨੇਤਾ ਸੰਤ ਮਹੰਤ ਆਚਾਰੀਆ ਆਦਿ ਅਗੇਤਰ ਨਾਮਾਂ ਵਾਲੇ ਹੀ ਸਨ। ਧਰਮ ਨੂੰ ਸਿਆਸਤ ਵਿਚ ਖੂਬ ਵਰਤਿਆ ਜਾਂਦਾ ਰਿਹਾ। ਫਿਰਕਾਪ੍ਰਸਤੀ ਰਾਜ ਦਾ ਨਮੂਨਾ ਬਣ ਗਈ। ਸਮੁੱਚੇ ਪੰਜਾਬੀਆਂ ਦੀਆਂ ਮੰਗਾਂ ਸਿਰਫ ਸਿੱਖਾਂ ਦੀਆਂ ਮੰਗਾਂ ਬਣ ਕੇ ਰਹਿ ਗਈਆਂ ਹਨ ਤਾਂ ਇਸ ਵਿਚ ਭਾਰਤੀ ਸਿਸਟਮ ਦੀ ਅਸਫਲਤਾ ਹੈ—ਧਰਮ ਨਿਰਪੱਖਤਾ ਨੀਤੀ ਦੀ ਅਸਫਲਤਾ ਹੈ। ਇੰਦਰਾ ਨੇ ਸਿੱਖਾਂ ਦੀਆਂ ਧਾਰਮਕ ਮੰਗਾਂ ਫੌਰਨ ਮੰਨ ਕੇ ਧਰਮ ਦੀ ਸਰਦਾਰੀ ਨੂੰ ਉਤਸ਼ਾਹ ਦਿਤਾ—ਪਰ ਸਾਰੇ ਪੰਜਾਬੀਆਂ ਦੀਆਂ ਹੱਕੀ ਆਰਥਕ ਮੰਗਾਂ ਬਾਰੇ ਕੋਈ ਗੰਭੀਰ ਨੋਟਿਸ ਨਾ ਲਿਆ ਅਤੇ ਫੈਸਲੇ ਨੂੰ ਇਕ ਖਾਸ ਮੁਕਾਮ ਤੇ ਅੱਗੇ ਪਾਉਣ ਦੀ ਨੀਤ ਨੂੰ ਕਾਇਮ ਰੱਖਿਆ। ਜੰਮੂ ਵਿਖੇ ਨਿਰੋਲ ਫਿਰਕੂ ਅਧਾਰ ਤੇ ਚੋਣ ਜਿੱਤੀ ਗਈ। ਪੰਜਾਬ ਵਿਚ ਓਪਰੇਸ਼ਨ ਨੀਲਾ ਤਾਰਾ ਨੂੰ ਹਿੰਦੀ ਬੋਲਦੇ ਪ੍ਰਾਂਤਾਂ ਵਿਚ ਹਿੰਦੂ ਵੋਟ ਨੂੰ ਕੈਸ਼ ਕਰਨ ਲਈ ਵਰਤਿਆ ਗਿਆ। ਆਰ. ਐਸ. ਐਸ. ਵਰਗੀ ਹਿੰਦੂ ਫਿਰਕੂ ਜਥੇਬੰਦੀ ਨੇ ਜੰਮੂ ਵਿਖੇ ਇੰਦਰਾ ਕਾਂਗਰਸ ਦੀ ਚੋਣਾਂ ਵਿਚ ਪੂਰੀ ਸਹਾਇਤਾ ਕੀਤੀ ਅਤੇ ਭਾਰਤ ਪੱਧਰ ਉਤੇ ਇੰਦਰਾ ਕਾਂਗਰਸ ਨੂੰ ਸਮਰਥ ਦੇਣ ਬਾਰੇ ਵਿਚਾਰ ਕੀਤੀ। 'ਮੈਡਮ ਇੰਦਰਾ' ਹਿੰਦੂ ਨੇਤਾ ਬਣਦੀ ਗਈ। ਇਸ ਦਾ ਪ੍ਰਤੱਖ ਸਬੂਤ ਉਸ ਦੀ ਹੱਤਿਆ ਤੋਂ ਬਾਅਦ ਅਤਿ ਸ਼ਰਮਨਾਕ ਫਿਰਕੂ ਫਸਾਦਾਂ ਵਿਚ ਜਨੂੰਨੀ ਹਿੰਦੂਆਂ ਦੇ ਰੋਲ ਵਿਚੋਂ ਲੱਭਿਆ ਜਾ ਸਕਦਾ ਹੈ। ਫਿਰਕੂ ਸਿਆਸਤ ਨੇ ਸਾਨੂੰ ਕਿਸ ਘਿਨਾਉਣੇ ਮੋੜ ਉੱਤੇ ਲਿਆ ਖੜਾ ਕੀਤਾ ਹੈ, ਕਿ ਅੱਜ ਸਿੱਖ ਭਾਰਤੀ ਸਮਾਜ ਵਿਚੋਂ ਨਿਖੇੜ ਦਿੱਤੇ ਗਏ ਹਨ ਅਤੇ ਉਹ ਅਸੁਰੱਖਿਆ ਮਹਿਸੂਸ ਕਰ ਰਹੇ ਹਨ। ਸਿੱਖਾਂ-ਹਿੰਦੂਆਂ ਦੇ ਸਦੀਆਂ ਤੋਂ ਚੱਲੇ ਆ ਰਹੇ ਲਹੂ-ਮਾਸ ਦੇ ਰਿਸ਼ਤੇ ਵਿਚ ਜ਼ਹਿਰ ਬੀਜ ਦਿਤਾ ਹੈ। ਫਿਰਕੂ ਸਿਆਸਤ ਵਲੋਂ ਪੰਜਾਬ ਦੇ ਸੀਨੇ ਵਿਚ ਕੀਤੇ ਹੋਏ ਜ਼ਖਮਾਂ ਨੂੰ ਸਿਹਤਯਾਬ ਹੁੰਦਿਆਂ ਪਤਾ ਨਹੀਂ ਕਿੰਨੀਆਂ ਪੁਸ਼ਤਾਂ ਲੱਗਣ।

ਭਾਰਤ ਗੁਰੂਆਂ ਤੇ ਚੇਲਿਆਂ ਦਾ ਦੇਸ਼ ਹੈ। ਦੇਵੀ ਦੇਵਤਿਆਂ ਤੇ ਭਗਤਾਂ ਪੁਜਾਰੀਆਂ ਦਾ ਦੇਸ਼ ਹੈ।

## ਇਕ ਹੋਰ ਚਿੱਠੀ

ਪਿਆਰੇ ਭਾਪਾ ਜੀ, ਤੁਹਾਡੀ ਜੁਆਬੀ ਤਾਰ ਮਿਲ ਗਈ ਸੀ ਉਸੇ ਵੇਲੇ ਜੁਆਬ ਵੀ ਦੇ ਦਿੱਤਾ ਸੀ, ਪਤਾ ਨਹੀਂ ਮਿਲਿਆ ਹੈ ਕਿ ਨਹੀਂ। ਮੈਂ ਨਵੀਂ ਦਿੱਲੀ ਸਟੇਸ਼ਨ ਰਾਤੀਂ 9.30 ਵਜੇ ਠੀਕ ਪੁਜ ਗਿਆ ਸਾਂ ਪਰ ਸਟੇਸ਼ਨ ਪਹੁੰਚ ਕੇ ਪਤਾ ਲਗਾ ਕਿ ਦਿੱਲੀ ਵਿਚ ਕਰਫਿਊ ਹੈ ਅਤੇ ਕੋਈ ਟਰਾਂਸਪੋਰਟ ਵਗੈਰਾ ਨਹੀਂ, ਸੋ ਸਾਰੇ ਲੋਕ ਪਲੇਟਫਾਰਮ ਤੇ ਹੀ ਪਏ ਹੋਏ ਸਨ, ਕਈ ਹਜ਼ਾਰਾਂ ਦੀ ਗਿਣਤੀ ਵਿਚ। ਕਾਫੀ ਮੁਸ਼ਕਲ ਨਾਲ ਘਰ ਫੋਨ ਤੇ ਕਨਟੈਕਟ ਹੋਇਆ ਤਾਂ ਅਰਪਿਤਾ ਨੇ ਦੱਸਿਆ ਕਿ ਸਟੇਸ਼ਨ ਤੋਂ ਬਾਹਰ ਬਿਲਕੁਲ ਨਹੀਂ ਨਿਕਲਨਾ ਕਿਉਂਕਿ ਕਾਫੀ ਹਾਲਾਤ ਖਰਾਬ ਹਨ ਅਤੇ ਕਤਲ ਹੋ ਰਹੇ ਹਨ। ਸਾਰੀ ਰਾਤ ਸਟੇਸ਼ਨ ਤੇ ਹੀ ਗੁਜ਼ਾਰੀ। ਸਵੇਰੇ ਸਵਰੇ ਫੇਰ ਫੂਨ ਤੇ ਕੰਨਟੈਕਟ ਕਰਕੇ ਖੇਖਨ ਨੇ ਆਪਣੀ ਡੀ ਟੀ.ਸੀ. ਦੀ ਸਟਾਫ ਮੋਟਾਡੋਰ ਦਾ ਇੰਤਜ਼ਾਮ ਕਰਕੇ ਮੈਨੂੰ ਤੇ ਇਕ ਹੋਰ ਮੇਰੇ ਦੋਸਤ ਨੂੰ ਜਿਹੜਾ ਸਟੇਸ਼ਨ ਤੇ ਹੀ ਮਿਲਿਆ ਸੀ ਬੜੀ ਤੇਜ਼ ਗੱਡੀ ਚਲਾ ਕੇ, ਸਾਡੇ ਸਿਰਾਂ ਤੇ ਕੰਬਲ ਪਾ ਕੇ ਘਰ ਪੁਚਾ ਦਿੱਤਾ, ਬਿਲਕੁਲ ਜਿਸ ਤਰ੍ਹਾਂ ਕਿਸੇ ਨੂੰ ਸਮਗਲ ਕੀਤਾ ਜਾਂਦਾ ਹੈ। ਹਾਲਾਤ ਕਾਫੀ ਖਰਾਬ ਹਨ, ਘਰੋਂ ਬਾਹਰ ਨਹੀਂ ਨਿਕਲਦੇ। ਸਾਡੀ ਕਲੋਨੀ ਦਾ ਮਹੌਲ ਬਿਲਕੁਲ ਠੀਕ ਹੈ ਪਰ ਆਸ ਪਾਸ ਦੀਆਂ ਕਲੋਨੀਆਂ ਵਿਚ ਕਾਫੀ ਗੜਬੜ ਹੈ। ਟਰੱਕ ਅਤੇ ਟੈਕਸੀਆਂ ਕਾਫੀ ਜਲਾ ਦਿੱਤੀਆਂ ਗਈਆਂ ਹਨ, ਕਾਲੋਨੀਆਂ ਵਿਚ ਜਿਹੜੇ ਗੁਰਦੁਆਰੇ ਬਣੇ ਹੋਏ ਹਨ, ਉਹ ਵੀ ਕਾਫੀ ਜਗ੍ਹਾ ਤੇ ਜਲਾਏ ਗਏ ਹਨ। ਲੋਕ ਮਾਰੇ ਵੀ ਗਏ ਹਨ। ਇਹ ਹੀ ਉਮੀਦ ਕਰਦੇ ਹਾਂ ਕਿ ਪੰਜਾਬ ਵਿਚ ਸਿਖ ਨਾ ਕੁਝ ਸ਼ੁਰੂ ਕਰਨ ਰੱਬ ਉਹਨਾਂ ਨੂੰ ਦੂਸਰਿਆਂ ਨਾਲੋਂ ਜ਼ਿਆਦਾ ਅਕਲ ਦੇਵੇ। ਨਹੀਂ ਤਾਂ ਪੰਜਾਬ ਤੋਂ ਬਾਹਰ ਸਿਖਾਂ ਦਾ ਹਾਲ ਮਾੜਾ ਹੈ ਔਰ ਹੋਰ ਵੀ ਖਰਾਬ ਹੋ ਜਾਵੇਗਾ। ਪਹਿਲੇ ਹੀ ਕਾਫੀ ਕਤਲ ਹੋ ਚੁੱਕੇ ਹਨ। ਸਾਰੀ ਗੱਡੀ ਤੇ ਠੀਕ ਹੀ ਹਰਿਆਣਾ ਵਿਚੋਂ ਨਿਕਲ ਗਈ। ਨਾਨ ਸਟੋਪ ਹੋਣ ਕਰਕੇ ਸਿਰਫ ਥੋੜੇ ਹੀ ਪੱਥਰ ਵੱਜੇ ਹਨ, ਪਰ ਦੂਸਰੀਆਂ ਗੱਡੀਆਂ ਵਿਚ ਘਟਨਾਵਾਂ ਹੋਈਆਂ ਹਨ। ਤੁਸੀਂ ਸਭ ਲੋਕ ਧੀਰਜ ਔਰ ਖਾਮੋਸ਼ੀ ਤੋਂ ਕੰਮ ਲੈਣਾ। ਲੋਕਾਂ ਨੂੰ ਬਕਵਾਸ ਕਰਨੇ ਦੀ ਔਹ ਗੱਲ ਨੂੰ ਵਧਾ ਚੜ੍ਹਾ ਕੇ ਕਹਿਣ ਵਿਚ ਸੁਆਦ ਆਂਦਾ ਹੈ, ਜਿਸ ਨਾਲ ਸੁਣਨੇ ਵਾਲਾ ਖਾਹਮਖਾਹ ਗਰਮ ਹੋ ਜਾਂਦਾ ਅਤੇ Mob Mantality ਅਖਤਿਆਰ ਕਰਦਾ ਹੈ ਔਰ ਤੇ ਪਰਦਾ ਪੈ ਜਾਂਦਾ ਹੈ। ਜਿਹੜਾ ਟੀ.ਵੀ. ਤੇ ਕੋਈ ਸਿੱਖ ਨਹੀਂ ਦਿਸਦਾ, ਉਹਦੀ ਵਜ੍ਹਾ ਹੈ ਕਿ ਉਹਨਾਂ ਵਾਸਤੇ ਘਰੋਂ ਬਾਹਰ ਨਿਕਲਣ ਵਿਚ ਖਤਰਾ ਹੈ। ਇਹ ਹੀ ਉਮੀਦ ਕਰਦੇ ਹਾਂ ਕਿ ਸਿੱਖਾਂ ਦੇ ਲੀਡਰਾਂ ਦੀ ਕੁਝ ਸੋਚ ਸ਼ਕਤੀ ਵਧੇ ਤੇ ਪੰਜਾਬ ਵਿਚ ਕੋਈ ਐਸੀ ਗੱਲ ਨਾ ਹੋਣ ਦੇਣ ਜਿਸਦਾ ਫਾਇਦਾ ਪੰਜਾਬ ਤੋਂ ਬਾਹਰ ਹਿੰਦੂ ਜਨੂੰਨੀ ਉਠਾਣ। ਉਸ ਹਾਲਤ ਵਿਚ ਹਾਲਾਤ ਕਾਬੂ ਕਰਨੇ ਮੁਸ਼ਕਿਲ ਹੋ ਜਾਣਗੇ ਅਤੇ ਨਤੀਜਾ ਨਿਹਾਇਤ ਹੀ ਭੈੜਾ ਹੋਵੇਗਾ।

ਪਰਮਜੀਤ

ਭਾਰਤੀ ਰਾਜਨੀਤੀ—ਅੰਨ੍ਹੀ ਸ਼ਰਧਾ ਦੀ ਰਾਜਨੀਤੀ ਹੈ—ਭਗਤੀ ਦੀ ਰਾਜਨੀਤੀ। ਤਰਕ ਤੇ ਦਲੀਲ ਲਈ ਇਸ ਵਿਚ ਬੜੀ ਘੱਟ ਥਾਂ ਹੈ। ਗਾਂਧੀ ਪੁਜਾਰੀ, ਨਹਿਰੂ ਪੁਜਾਰੀ, ਜੇ. ਪੀ. ਪੁਜਾਰੀ, ਸ਼ੇਖ ਅਬਦੁੱਲਾ ਪੁਜਾਰੀ ਤੇ ਫੇਰ ਇੰਦਰਾ ਪੁਜਾਰੀ। ਸਧਾਰਨ ਮਾਨਵੀ ਨੇਤਾ ਤੋਂ ਆਗੂ ਆਪਣੇ ਵਿਚ ਅਖੌਤੀ ਦੈਵੀ ਸ਼ਕਤੀਆਂ ਮਹਿਸੂਸ ਕਰਨ ਲੱਗਦਾ ਹੈ। ਅਸਲ ਵਿਚ ਉਸ ਨੂੰ ਪੂਜਾ ਸਥਾਨ ਉੱਤੇ ਪਹੁੰਚਾਣ ਵਾਲੇ, ਉਸ ਦੇ ਚੇਲੇ, ਪੁਜਾਰੀ ਅਤੇ ਜੀ-ਹਜ਼ੂਰੀਏ ਹੁੰਦੇ ਹਨ। ਜਿਹੜੇ ਉਸ ਦੇ ਆਲੇ-ਦੁਆਲੇ ਚਾਪਲੂਸੀ ਦਾ ਘੇਰਾ ਜਿਹਾ ਵਲ ਲੈਂਦੇ ਹਨ। ਸ਼ਾਇਦ ਇਸੇ ਭਗਤੀ ਦੀ ਭਾਵਨਾ ਵਿਚੋਂ ਕੁਝ ਲੋਕਾਂ ਨੇ ਇੰਦਰਾ ਨੂੰ 'ਰੱਬੀ ਦਾਤ'—'ਇੰਦਰਾ ਇਜ਼ ਇੰਡੀਆ' ਕਿਹਾ। ਕਾਂਗਰਸ (ਇੰਦਰਾ) ਦੇ ਵਰਕਿੰਗ ਪ੍ਰਧਾਨ ਨੇ ਤਾਂ ਇਥੋਂ ਤਕ ਕਹਿ ਦਿਤਾ—"ਜਿਹੜਾ ਇੰਦਰਾ ਦੀ ਆਲੋਚਨਾ ਕਰਦਾ ਹੈ ਉਹ ਦੇਸ਼-ਧਰੋਹੀ ਹੈ।" ਜ਼ਾਹਰ ਹੈ ਭਗਤੀ ਦੀ ਰਾਜਨੀਤੀ ਵਿਚ ਉਸਾਰੂ ਆਲੋਚਨਾ ਅਤੇ ਲਾਇਕ ਲਈ ਕੋਈ ਥਾਂ ਨਹੀਂ।

ਡਾ: ਬੀ. ਆਰ. ਅੰਬੇਦਕਾਰ ਦੀ ਅਗਵਾਈ ਵਿਚ ਭਾਰਤੀ ਸੰਵਿਧਾਨ ਸਭਾ ਨੇ ਭਾਰਤ ਵਿਚ ਸੰਘਾਤਮਕ ਢਾਂਚੇ ਦੀ ਵਿਵਸਥਾ ਰੱਖੀ ਸੀ—ਜਿਸ ਵਿਚ ਪ੍ਰਾਂਤਾਂ ਨੂੰ ਕੁਝ ਅਧਿਕਾਰ ਦਿਤੇ ਗਏ ਸਨ। ਭਾਵੇਂ ਇਹ ਅਧਿਕਾਰ ਅਮਰੀਕੀ ਸਟੇਟਾਂ ਜਾਂ ਸੋਵੀਅਤ ਗਣਰਾਜਾਂ ਦੇ ਵਿਸ਼ਾਲ ਅਧਿਕਾਰਾਂ ਨਾਲੋਂ ਬਹੁਤ ਸੀਮਤ ਸਨ। ਭਾਰਤੀ ਪ੍ਰਾਂਤਾਂ ਦੇ ਇਹ ਸੀਮਤ ਅਧਿਕਾਰ ਵੀ ਹੌਲੀ ਹੌਲੀ ਖੁਰਦੇ ਗਏ। ਇੰਦਰਾ ਦੌਰ ਵਿਚ ਸੰਘਾਤਮਕ ਢਾਂਚਾ ਸਿਰਫ ਨਾਮ ਦਾ ਹੀ ਰਹਿ ਗਿਆ। ਸਾਰੀ ਸ਼ਕਤੀ ਕੇਂਦਰ ਪਾਸ ਇਕੱਠੀ ਹੁੰਦੀ ਗਈ। ਸਾਰੀ ਸ਼ਕਤੀ ਦਾ ਇੱਕ ਹੀ ਵਿਅਕਤੀ ਪਾਸ ਕੇਂਦਰੀਕਰਨ ਹੁੰਦਾ ਗਿਆ। ਇਕ ਪਾਰਟੀ, ਇਕ ਖਾਨਦਾਨ, ਇਕੋ ਸ਼ਖਸ ਨਾਲ ਸਾਰਾ ਦੇਸ਼ ਸਾਂਵਾ ਰਖਿਆ ਜਾਣ ਲੱਗਾ। ਰਾਜਨੀਤੀ ਦਾ ਪੂਰਨ ਤੌਰ ਤੇ ਵਿਅਕਤੀ ਕਰਨ ਹੋ ਗਿਆ। ਆਪਣੇ ਹੀ ਖਾਨਦਾਨ ਵਿਚੋਂ ਵੀ ਜੇ ਕਿਸੇ ਨੇ ਆਪਣੀ ਸੋਧ ਤੇ ਸੋਚ ਰਖੀ ਤਾਂ ਉਹ ਵੀ 'ਖਾਰਜ-ਭਾਵੇਂ' ਉਹ ਸੱਕੀ ਨੂੰਹ ਹੀ ਕਿਉਂ ਨਾ ਹੋਵੇ। ਸੱਤਾ ਦਾ ਇਸ ਹੱਦ ਤੱਕ ਕੇਂਦਰੀ-

ਕਰੋਨ ਹੋ ਗਿਆ ਕਿ ਪ੍ਰਧਾਨ ਮੰਤਰੀ ਸਵੈ ਹੀ ਸੱਤਾਧਾਰੀ ਪਾਰਟੀ ਦੀ ਮੁਖੀ ਵੀ ਸਦਾ ਰਹੀ—ਉਸਦੇ ਨਾਮ ਉੱਤੇ ਪਾਰਟੀ ਦਾ ਨਾਮ—ਉਸਦੇ ਨਾਮ ਉੱਤੇ ਸਰਕਾਰ ਦਾ ਨਵਾਂ ਤੇ ਪਰਾਣਾਂ ਵੀਹ ਨੁਕਾਤੀ ਪ੍ਰੋਗਰਾਮ। ਇਕ ਪੁਰਖੀ ਰਾਜ ਦੀ ਜਕੜ ਇਸ ਕਦਰ ਵਧ ਗਈ ਸੀ ਕਿ ਦੂਜੇ ਦਰਜੇ ਤਾਂ ਕੀ, ਤੀਜੇ ਦਰਜੇ ਦਾ ਵੀ ਕੋਈ ਨੇਤਾ ਨਾ ਰਿਹਾ। ਜਿਸਨੇ ਰਤਾ ਸਿਰ ਚੁਕਿਆ ਉਸਦਾ ਸਿਰ ਕਲਮ ਹੋ ਗਿਆ। ਕਰਨਾਟਕ ਵਿਚ ਦੇਵਰਾਜ ਅਰਸ ਨੇ ਆਪਣਾ ਠੋਸ ਆਧਾਰ ਬਨਾਉਣਾ ਚਾਹਿਆ ਤਾਂ ਉਸ ਨੂੰ ਪਾਰਟੀ ਵਿਚੋਂ ਖ਼ਾਰਜ ਕਰ ਦਿੱਤਾ। ਸਿਕੱਮ ਵਿਚ ਜੇ ਨਰਬਹਾਦਰ ਭੰਡਾਰੀ ਨੇ ਜੁਰਅਤ ਨਾਲ ਆਪਣੇ ਪ੍ਰਾਂਤ ਲਈ ਕੋਈ ਮੰਗ ਰਖੀ ਤਾਂ ਉਸ ਨੂੰ ਡਿਸਮਿਸ ਕਰ ਦਿੱਤਾ ਗਿਆ। ਡਾ: ਫਾਰੂਕ ਅਬੱਦੁਲਾ ਨੇ ਜਦੋਂ ਈਨ ਨਾ ਮੰਨੀ ਤਾਂ ਉਸਦੇ ਹੇਠੋਂ ਕੁਰਸੀ ਖਿਸਕਾ ਲਈ ਗਈ। ਸਖਸ਼ੀ ਹਾਉਮੈ ਦਾ ਨਾਟਕ ਆਂਧਰਾ ਪ੍ਰਦੇਸ਼ ਵਿਚ ਵੀ ਖੇਡਿਆ ਗਿਆ। ਅੰਗ੍ਰੇਜ਼ੀ ਸ਼ਾਸ਼ਨ ਵੇਲੇ ਭਾਰਤ ਦੇ ਦੇਸੀ ਰਿਆਸਤਾਂ ਵਿਚ ਉਹਨਾਂ ਦਾਂ ਰੇਜ਼ੀਡੈਂਟ (ਪ੍ਰਤੀਨਿਧ) ਰਖਕੇ ਹੀ ਆਪਣਾ ਰਾਜ ਕਾਇਮ ਰੱਖ ਸਕਦੇ ਸਨ। ਫਿਰ ਵੀ ਲੈਪਸ (ਜ਼ਬਤੀ) ਦਾ ਸਿਧਾਂਤ ਉਹਨਾਂ ਦੇ ਸਿਰ ਉੱਤੇ ਨੰਗੀ ਤਲਵਾਰ ਵਾਂਗ ਲਟਕਦਾ ਰਹਿੰਦਾ ਸੀ। ਅਜੋਕੇ ਭਾਰਤੀ ਪ੍ਰਾਂਤਾਂ ਦੀ ਹਾਲਤ ਉਦੋਂ ਦੀਆਂ ਦੇਸੀ ਰਿਆਸਤਾਂ ਨਾਲੋਂ ਕੋਈ ਬਹੁਤੀ ਚੰਗੀ ਨਹੀਂ। ਪ੍ਰਾਂਤਾਂ ਨੂੰ ਬਹੁਤੇ ਅਧਿਕਾਰ ਦਿਵਾਣ ਦੀ ਅਕਾਲੀ ਦਲ ਦੀ ਮੰਗ ਅਸਲ ਵਿਚ ਸਾਰੇ ਪ੍ਰਾਂਤਾਂ ਦੀ ਸਾਂਝੀ ਮੰਗ ਹੋਣੀ ਚਾਹੀਦੀ ਹੈ।

ਸਰਵਸੱਤਾਵਾਦ ਵਿਚੋਂ ਹੀ ਹਾਉਮੈ ਦੀ ਰਾਜਨੀਤੀ ਦਾ ਜਨਮ ਹੁੰਦਾ ਹੈ। ਐਸੀ ਰਾਜਨੀਤੀ ਲਈ ਕਿਸੇ ਅਣਖੀਲੇ ਮਰਦ ਦੀ ਲੋੜ ਨਹੀਂ ਹੁੰਦੀ। ਸਿਰਫ਼ ਕਠ-ਪੁਤਲੀਆਂ, ਜੀ ਹਜ਼ੂਰੀਆਂ, ਮੋਹਰਿਆਂ, ਮੋਮ ਦੇ ਚਿਹਰਿਆਂ ਅਤੇ ਚਰਨ ਛੁਹੀਆਂ ਦੀ ਲੋੜ ਹੁੰਦੀ ਹੈ। ਚਾਪਲੂਸਾਂ ਤੇ ਦਰਬਾਰੀਆਂ ਦੀਆਂ ਉਸਤਤ ਵਿਚ ਗੂੰਦੀਆਂ ਜੀਭਾਂ ਸਾਰੇ ਪਾਸੇ ਟਾਹੀਦੀਆਂ ਹਨ। ਸਭ ਸਿਰ ਝੁਕਾ ਕੇ ਬੰਦਨਾ ਕਰਨ ਵਾਲੇ ਹੋਣ, ਕੋਈ ਸਿਰ ਉਠਾ ਕੇ ਤੁਰਨ ਵਾਲਾ ਨਾ ਹੋਵੇ। ਪੰਜਾਬ ਵਿਚ ਅਕਾਲੀਆਂ ਨੂੰ ਝਕਾਉਣਾ ਜ਼ਰੂਰੀ ਸੀ। ਐਮਰਜੈਂਸੀ ਦੀਆਂ ਵਧੀਕੀਆਂ ਵਿਰੁੱਧ ਸਿਰਫ਼ ਅਕਾਲੀਆਂ ਨੇ ਹੀ ਆਵਾਜ਼ ਉਠਾਈ ਅਤੇ ਅੰਦੋਲਨ ਕੀਤਾ ਸੀ। ਅਕਾਲੀਆਂ ਵਿਚ ਅੰਦਰੋਂ ਫੁਟ ਪਾਉਣ ਲਈ ਪਹਿਲਾਂ ਇਕ ਸੰਤ ਉਭਾਰਿਆ ਤੇ ਫੇਰ ਇਕ ਬਾਬਾ। ਸਿੱਖ ਇਕ ਗੈਰਤਮੰਦ ਕੌਮ ਹੈ—ਸ਼ਾਇਦ ਇਸ ਕੌਮ ਦੇ ਸਵੈਮਾਣ ਤੇ ਗੌਰਵ ਨੂੰ ਝੁਕਾਣ ਲਈ ਪਹਿਲਾਂ ਓਪਰੇਸ਼ਨ ਬਲੀਊ ਸਟਾਰ ਤੱਕ ਸਮਸਿਆ ਉਲਝਾਈ ਗਈ, ਤੇ ਫੇਰ ਡਰਾਸਟਿਕ ਐਕਸ਼ਨ ਕੀਤਾ ਗਿਆ—ਜਿਸ ਵਿਚ ਘੁਣ ਨਾਲ ਬਹੁਤ ਸਾਰਾ ਮਾਸੂਮ ਗੇਂਹੂ ਵੀ ਪਿਸ ਗਿਆ ਜਾਂ ਪੀਹ ਦਿੱਤਾ ਗਿਆ। ਇਸ ਦੌਰ ਦੀ ਸੱਤਾ ਦਾ ਆਮ

## ਦਿਲੀ ਤੋਂ ਇਕ ਰਿਸ਼ਤੇਦਾਰ ਦੀ ਚਿੱਠੀ

1. ਪਿਆਰੇ ਭਾਪਾ ਜੀ, . . ਜਿਸ ਤਰ੍ਹਾਂ ਕਿ ਤੁਹਾਨੂੰ ਪਤਾ ਹੀ ਹੋਵੇਗਾ ਪੰਜਾਬ ਤੋਂ ਬਾਹਰ ਦਿੱਲੀ ਅਤੇ ਦੇਸ਼ ਦੇ ਕਈ ਹੋਰ ਹਿੱਸਿਆਂ ਵਿਚ ਸਿਖ ਜਨਤਾ ਬੜੇ ਔਖੇ ਸਮੇਂ ਚੋਂ ਲੰਘ ਰਹੀ ਹੈ। ਇੰਦਰਾ ਗਾਂਧੀ ਦੀ ਅਚਾਨਕ ਹੱਤਿਆ ਮਗਰੋਂ 31 ਤਾਰੀਖ਼ ਸ਼ਾਮੀਂ 6 ਵਜੇ ਦੇ ਕਰੀਬ ਦਿੱਲੀ ਦੇ ਕਈ ਹਿੱਸਿਆਂ ਵਿਚ ਅਚਾਨਕ ਸਿੱਖਾਂ ਦੀਆਂ ਦੁਕਾਨਾਂ ਅਤੇ ਘਰਾਂ ਨੂੰ ਲੋਕਾਂ ਨੇ ਅੱਗਾਂ ਲਗਾਣੀਆਂ ਸ਼ੁਰੂ ਕਰ ਦਿੱਤੀਆਂ। ਰਾਹ ਜਾਂਦੇ ਸਿਖਾਂ ਨੂੰ ਬਸਾਂ, ਸਕੂਟਰਾਂ, ਕਾਰਾਂ, ਟੈਕਸੀਆਂ ਚੋਂ ਕੱਢਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖਾਂ ਦੀਆਂ ਕਾਰਾਂ, ਟੈਕਸੀਆਂ, ਟਰੱਕ ਜੋ ਸਾਹਮਣੇ ਆਇਆ ਸਭ ਜਲੋਈ ਗਏ। ਇਹ ਸਿਲਸਿਲਾ ਅਗਲੇ ਦਿਨ ਸ਼ਾਮ ਤਕ ਲਗਾਤਾਰ ਚਲਦਾ ਰਿਹਾ। ਪੁਲੀਸ ਦਾ ਇੰਤਜ਼ਾਮ ਵਗੈਰਾ ਬਿਲਕੁਲ ਫੇਹਲ ਸੀ। ਸਾਡੀ ਕਾਲੋਨੀ ਦੇ ਚਾਰੇ ਤਰਫ਼ ਅੱਗ ਹੀ ਅੱਗ ਅਤੇ ਲੁੱਟ ਮਾਰ ਦੀਆਂ ਆਵਾਜ਼ਾਂ ਸਨ। ਅਸੀਂ ਚਾਰ ਦਿਨ ਅਪਣੇ ਘਰਾਂ ਵਿਚ ਡਕੇ ਰਹੇ। ਅਪਣੀ ਕਾਲੋਨੀ ਵਿਚ ਅਸੀਂ ਤੇਕਰੀਬਨ ਸੱਤ ਸਿੱਖ ਪਰਵਾਰ ਹਾਂ। ਬਾਕੀ ਹਿੰਦੂ ਘਰਾਂ ਨੇ ਸਾਡੀ ਰਖਿਆ ਕੀਤੀ ਅਤੇ ਟੋਲੀਆਂ ਬਣਾ ਕੇ ਸਾਰੀ ਸਾਰੀ ਰਾਤ ਕਾਲੋਨੀ ਦਾ ਪਹਿਰਾ ਦਿੰਦੇ ਰਹੇ। ਹੁਣ ਕੱਲ ਤੋਂ ਕਾਲੋਨੀ ਵਿਚ ਹੀ ਥੋੜਾ ਬਾਹਰ ਨਿਕਲਣਾ ਸ਼ੁਰੂ ਹੋਏ ਹਾਂ। ਹਾਲਾਤ ਨਾਰਮਲ ਹੁੰਦਿਆਂ ਸ਼ਾਇਦ ਤਿੰਨ ਚਾਰ ਦਿਨ ਹੋਰ ਲੱਗ ਜਾਣਗੇ। ਵੈਸੇ ਤਬਾਹੀ ਬਹੁਤ ਹੋਈ ਹੈ। ਸਿੱਖਾਂ ਦਾ ਦਬਦਬਾ ਅਤੇ ਰੁਹਬ ਸਾਰਾ ਖ਼ਤਮ ਹੋ ਗਿਆ ਹੈ, ਕੌਮ ਨੂੰ ਸਿਆਣੀ ਅਤੇ ਸੁਲਝੀ ਹੋਈ ਲੀਡਰਸ਼ਿਪ ਨਾ ਮਿਲਨ ਕਰਕੇ ਸਿਖ ਕੌਮ ਸ਼ੁਰੂ ਤੋਂ ਹੀ ਨੁਕਸਾਨ ਉਠਾਂਦੀ ਆਈ ਹੈ ਤੇ ਹੁਣ ਤਾਂ ਉੱਕਾ ਹੀ ਸਤਿਆਨਾਸ ਹੋ ਗਿਆ ਹੈ। ਸ਼ੁਰੂ ਵਿਚ ਭਿੰਡਰਾਂਵਾਲੇ ਅਤੇ ਉਹਦੇ ਸਾਥੀਆਂ ਰਾਹੀਂ ਹਰਮੰਦਰ ਸਾਹਬ ਦੀ ਅਪਵਿਤਰਤਾ ਲੋਂਗੋਵਾਲ ਤੇ ਹੋਰ ਲੀਡਰ ਨਾ ਰੋਕ ਸਕੇ। ਸਿੱਖੀ ਅਸੂਲਾਂ ਦੇ ਉਲਟ ਹੋ ਰਹੀਆਂ ਮਾਸੂਮ ਹਿੰਦੂਆਂ ਜਾਂ ਉਹਨਾਂ ਦੇ ਵਿਰੋਧੀ ਸਿਖਾਂ ਦੀਆਂ ਮੌਤਾਂ ਨਾ ਰੋਕ ਸਕੇ। ਉਸ ਉਪਰ ਇੰਦਰਾ ਗਾਂਧੀ ਦੀਆਂ ਹਿੰਦੂ ਵੋਟਾਂ ਖ਼ਾਤਰ ਪੰਜਾਬ ਨਾਲ ਵਧੀਕੀਆਂ ਤੇ ਹੁਣ ਸਿੱਖ ਕੌਮ ਬੜੇ ਨਾਜ਼ਕ ਮੋੜ ਤੇ ਆ ਖੜੀ ਹੈ। ਨਰਿੰਦਰ ਕਾਨਪੁਰ ਵਿਚ ਵੀ ਬੜੀ ਗੜਬੜ ਹੋਈ ਹੈ। ਨਰਿੰਦਰ ਭੈਣ ਜੀ ਦਾ ਬੜਾ ਫਿਕਰ ਹੈ . ਤੁਹਾਡਾ/ਬਲਬੀਰ ਸਿੰਘ ਨੇਤਾ ਜੀ ਨਗਰ ਦਿੱਲੀ (5-11-84)

ਆਲ ਇੰਡੀਆ ਫੈਡਰੇਸ਼ਨ ਆਫ ਆਰਗਨਾਈਜ਼ੇਸ਼ਨ ਫ਼ਾਰ ਡੈਮੋਕ੍ਰੇਟਿਕ ਰਾਈਟਜ਼ (AIFOFDR) ਇਕ ਐਸੀ ਸੰਸਥਾ ਹੈ, ਜੋ ਦੇਸ਼ ਭਰ ਦੀਆਂ ਜਮਹੂਰੀ ਅਧਿਕਾਰਾਂ ਲਈ ਲੜ ਰਹੀਆਂ ਸੰਸਥਾਵਾਂ ਦਾ ਤਾਲ-ਮੇਲ ਕਰਦੀ ਹੈ ਅਤੇ ਜਮਹੂਰੀ ਹੱਕਾਂ ਲਈ ਆਵਾਜ਼ ਉੱਚੀ ਕਰਦੀ ਹੈ । ਰਜਨੀ ਡੀਸਾਈ ਉਸ ਸੰਸਥਾ ਦੀ ਕਨਵੀਨਰ ਹਨ । ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਉਹਨਾਂ ਨੇ ਹਿੰਦੁਸਤਾਨ ਦੇ ਲੋਕਾਂ ਦੇ ਨਾਂ ਇੱਕ ਸੰਦੇਸ਼ ਦਿੱਤਾ ਹੈ ਜੋ ਅਸੀਂ ਸਮਤਾ ਦੇ ਪਾਠਕਾਂ ਲਈ ਇਥੇ ਦੇ ਰਹੇ ਹਾਂ ।

—ਸੰਪਾਦਕ

ਜਮਹੂਰੀ ਹੱਕਾਂ ਲਈ ਲੜ ਰਹੀ ਸਾਡੀ ਫੈਡਰੇਸ਼ਨ ਹਿੰਦੋਸਤਾਨ ਦੇ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਭਰ ਵਿਚ ਜੋ ਸਿੱਖ ਫਿਰਕੇ ਉਤੇ ਕੋਝੇ ਹਮਲੇ ਹੋਏ ਹਨ, ਉਹਨਾਂ ਦੀ ਇਕ ਆਵਾਜ਼ ਹੋ ਕੇ ਨਿਖੇਧੀ ਕੀਤੀ ਜਾਏ । ਇਹ ਇਕ ਪੱਖੀ ਫਿਰਕੂ ਪ੍ਰਾਪੇਗੰਡਾ ਦਾ ਫਲਸਰੂਪ ਹਨ । ਇਸ ਵਿਚ ਸਰਕਾਰ ਨੇ ਵੀ ਹਿੱਸਾ ਪਾਇਆ ਹੈ ਜਦੋਂ ਕਿ ਇਸ ਨੂੰ 'ਕੁਦਰਤੀ ਪ੍ਰਤੀਕਰਮ' ਕਰਕੇ ਛੁਟਿਆਇਆ ਹੈ। ਪ੍ਰੈਸ ਦੇ ਇਕ ਹਿੱਸੇ ਨੇ ਵੀ ਇਸ ਸ਼ਰਾਰਤ ਵਿਚ ਹਿੱਸਾ ਪਾਇਆ ਹੈ ਜਦੋਂ ਦੋ ਵਿਅਕਤੀਆਂ ਦੀ ਹਰਕਤ ਦੀ ਜ਼ਿੰਮੇਵਾਰੀ ਸਾਰੀ ਕਮਿਊਨਿਟੀ ਉਤੇ ਪਾ ਦਿੱਤੀ ਹੈ । ਸਾਡੇ ਸਿੱਖ ਭਰਾਵਾਂ ਦੀਆਂ ਦੇਸ਼ ਭਗਤੀ ਦੀਆਂ ਸੁਨਹਿਰੀ ਰਵਾਇਤਾਂ ਹਨ । ਇਹ ਕਿੰਨੀ ਬੇਹੂਦਾ ਗੱਲ ਹੈ ਕਿ ਕੁਝ ਲੋਕ ਉਹਨਾਂ ਕੋਲੋਂ ਦੇਸ਼ ਦੀ ਵਫ਼ਾਦਾਰੀ ਬਾਰੇ ਸਬੂਤ ਮੰਗਣ । ਪਹਿਲੇ ਗੜਬੜ ਨੂੰ ਸ਼ਹਿ ਦੇਣੀ ਤੇ ਫੇਰ ਉਹਨਾਂ ਨੂੰ ਦਬਾਉਣ ਦਾ ਪੱਜ ਲੈ ਕੇ ਲੋਕਾਂ ਦੇ ਜਮਹੂਰੀ ਹੱਕ ਖੋਹਣੇ, ਇਹ ਹਾਕਮਾਂ ਦੀ ਇਕ ਵੱਡੀ ਸਾਜ਼ਿਸ਼ ਹੈ, ਤੇ ਅਸੀਂ ਆਪਣੇ ਲੋਕਾਂ ਨੂੰ ਇਸ ਸਾਜ਼ਿਸ਼ ਬਾਰੇ ਖ਼ਬਰਦਾਰ ਕਰਨਾ ਚਾਹੁੰਦੇ ਹਾਂ ।

ਜਮਹੂਰੀ ਤਾਕਤਾਂ ਨੂੰ ਆਪਣੇ ਸਿੱਖ ਭਰਾਵਾਂ ਦੇ ਪੱਖ ਵਿਚ ਖਲੋਣਾ ਚਾਹੀਦਾ ਹੈ । ਅਸੀਂ ਹਰ ਕਿਸਮ ਦੀ ਦਹਿਸ਼ਤ ਦੇ ਵਿਰੁੱਧ ਹਾਂ ਭਾਵੇਂ ਉਹ ਫਿਰਕੂ ਜਨੂੰਨੀਆਂ ਵਲੋਂ ਫੈਲਾਈ ਜਾਂਦੀ ਹੈ ਤੇ ਭਾਵੇਂ ਸਰਕਾਰ ਉਸ ਦਹਿਸ਼ਤ ਨੂੰ ਅਮਲ ਵਿਚ ਲਿਆਉਂਦੀ ਹੈ । ਇਸ ਦੇਸ਼ ਵਿਚ ਹਰ ਸ਼ਹਿਰੀ ਦਾ ਸਤਿਕਾਰ ਨਾਲ ਜੀਣ ਦਾ ਹੱਕ ਹੈ । ਜਿਹੜੇ ਕਿਸੇ ਸ਼ਹਿਰੀ ਕੋਲੋਂ ਇਹ ਹੱਕ ਖੋਂਹਦੇ ਹਨ ਅਸੀਂ ਉਹਨਾਂ ਨੂੰ ਫਿਟਕਾਰ ਪਾਉਂਦੇ ਹਾਂ । ਅਸੀਂ ਦੇਸ਼ ਭਰ ਦੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਮੁਸ਼ਕਲ ਸਮੇਂ ਵਿਚ ਮਿਲ ਕੇ ਆਪਣੇ ਬੁਨਿਆਦੀ ਹੱਕਾਂ ਦੀ ਪਹਿਰੇਦਾਰੀ ਕਰਨ । —ਰਜਨੀ ਡੀਸਾਈ ਬੰਬਈ

ਫੁਰਮਾਨ ਸੀ—ਮੈਂ ਸਹੀ ਹਾਂ—ਏਕਤਾ, ਸੁਰਖਿਆ, ਅਖੰਡਤਾ ਤਰੱਕੀ ਸਿਰਫ ਮੇਰੇ ਕਰਨੇ ਹੀ। ਤੁਸੀਂ ਸਾਰੇ ਰੋੜੇ ਅਟਕਾਉਣ ਵਾਲੇ ਹੋ—ਵਿਰੋਧੀ ਹੋ, ਦੇਸ਼ ਧਰੋਹੀ ਹੋ, ਵੱਖਵਾਦੀ ਹੋ ।

ਇਸ ਦੌਰ ਵਿਚ ਜਨ ਰੁਚੀਵਾਦ (Populism)—ਸਸਤੀ ਸ਼ੁਹਰਤ ਦਾ ਬਾਜ਼ਾਰ ਗਰਮ ਰਿਹਾ । ਗਰੀਬੀ ਹਟਾਉ, ਵੀਹ ਸੂਤਰੀ ਪ੍ਰੋਗਰਾਮ, ਸਰਕਾਰੀ ਬੈਂਕਾਂ ਵਲੋਂ ਕਰਜ਼ਾ-ਮੇਲੇ, ਮਾਸ ਕੰਟੈਕਟ ਪ੍ਰੋਗਰਾਮ, ਟੀ. ਵੀ. ਰੀਲੇ ਸੈਂਟਰਜ਼ ਆਦਿ ਸਭੇ ਦਿਖਾਵੇ ਦੀਆਂ ਜਨ-ਰੁਚੀਵਾਦੀ ਕ੍ਰਿਆਵਾਂ ਸਨ ।

ਇੰਦਰਾ ਦੌਰ ਸਹਿਜ ਕਰਮ, ਸਭ ਇਕੋ ਅਮਲ ਦਾ ਦੌਰ ਨਹੀਂ ਸੀ । ਇਸ ਦੌਰ ਵਿਚ ਸ਼ਾਕ ਵੇਵ ਦੀ ਰਾਜਨੀਤੀ ਪ੍ਰਧਾਨ ਰਹੀ । ਕਰਿਸ਼ਮੇ ਦੀ ਸਿਆਸਤ । ਨਵੇਂ ਨਵੇਂ ਵਸਤੂਹੀਣ ਨਾਹਰੇ ਈਜਾਦ ਕੀਤੇ ਗਏ—ਗੌਰਮਿੰਟ ਦੈਟ ਵਰਕਸ, ਕੌਮੀ ਏਕਤਾ ਨੂੰ ਖਤਰਾ । 1975 ਵਿਚ ਐਮਰਜੰਸੀ ਦਾ ਐਲਾਨ, 1984 ਵਿਚ ਅੰਮ੍ਰਿਤਸਰ ਐਕਸ਼ਨ ਵੀ ਇਸੇ ਸ਼ਾਕ ਵੇਵ ਰਾਜਨੀਤੀ ਦਾ ਹਿੱਸਾ ਸਨ ।

ਓ. ਵੀ. ਵਿਜਾਇਨ ਦਾ ਸਟੇਟਸਮੈਨ ਵਿਚ ਇਕ ਕਾਰਟੂਨ ਦਾ ਕੈਪਸ਼ਨ ਸੀ—"ਫੌਜ ਹੜ੍ਹਾਂ ਦੇ ਬਚਾਓ ਲਈ ਬੁਲਾਈ ਗਈ ਸੀ—ਅੰਤ ਦੇ ਬਚਾਓ ਤੱਕ ਕਾਇਮ ਰਹੇਗੀ ।" ਸਿਵਲ ਕੰਮਾਂ ਲਈ ਫੌਜ ਦੀ ਡਿਊਟੀ ਹੁਣ ਆਮ ਹੋ ਗਈ ਹੈ । ਫੌਜ ਦੀ ਵਰਤੋਂ ਸਿਰਫ ਨਾਗਾਲੈਂਡ, ਮਿਜ਼ੋਰਮ, ਪੰਜਾਬ ਆਦਿ ਵਿਚ ਹੀ ਨਹੀਂ, ਦਿੱਲੀ ਵਿਚ ਵੀ ਕੀਤੀ ਗਈ ਹੈ । ਅਧਿਕਾਰੀਆਂ ਦੀ ਸੁਰੱਖਿਆ ਲਈ, ਫਿਰਕੂ ਫਸਾਦਾਂ ਵੇਲੇ, ਹੜ੍ਹਾਂ ਵੇਲੇ, ਅੰਤ ਵੇਲੇ ਫੌਜ ਦੀ ਵਰਤੋਂ ਬਹੁਤ ਹੁੰਦੀ ਰਹੀ ਹੈ ਅਤੇ ਹੋ ਰਹੀ ਹੈ । ਖਤਰਾ ਹੈ ਜੇ ਪੰਜਾਬ ਆਦਿ ਵਿਚ ਲੰਮੇ ਸਮੇਂ ਲਈ ਫੌਜ ਤਾਇਨਾਤ ਰਹੀ ਤਾਂ ਫੌਜ ਵੀ ਫਿਰਕੂ ਆਧਾਰ ਉੱਤੇ ਵੰਡੀ ਜਾਵੇਗੀ ਅਤੇ ਸਿਵਲ ਵਾਲੀਆਂ ਕੁਰੀਤੀਆਂ ਫੌਜ ਵਿਚ ਵੀ ਆ ਜਾਣਗੀਆਂ । ਚੰਦਰ ਸ਼ੇਖਰ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਫੌਜ ਬਿਨਾਂ ਸਰਕਾਰ ਦਾ ਕੰਮ ਚਲਣੋਂ ਹੀ ਰਹਿ ਗਿਆ ਹੈ ਅਤੇ ਰਖਵਾਲੀ ਫੌਜ ਨੂੰ ਸਿਵਲ ਸੱਤਾ ਵਿਚ ਹਿੱਸੇਦਾਰ ਬਣਾਇਆ ਜਾ ਰਿਹਾ ਹੈ ।

ਇਸ ਦੌਰ ਵਿਚ ਨੈਤਿਕਤਾ ਦਾ ਪੱਧਰ ਏਨਾ ਨੀਵਾਂ ਹੋ ਗਿਆ ਹੈ ਕਿ ਧਰਤੀ ਦੀ ਸਤਹ ਨਾਲ ਜਾ ਲੱਗਾ ਹੈ । ਦਲ-ਬਦਲੀ ਨਵੀਆਂ ਨਵੀਆਂ ਸਿਖਰਾਂ ਛੋਹ ਗਈ । ਸਦਾਚਾਰ ਦੇ ਨੀਵੇਂ ਪੱਧਰ ਦਾ ਪ੍ਰਮਾਣ ਸਾਨੂੰ ਏ. ਆਰ. ਅੰਤੁਲੇ, ਭਜਨ ਲਾਲ, ਰਾਮਾ ਰਾਓ ਆਦਿਕ, ਭਾਸਕਰ ਰਾਓ, ਸ਼ੰਕਟੀਨ ਕੌਨਯਾਕ (ਨਾਗਾਲੈਂਡ ਮੰਤਰੀ) ਆਦਿ ਵਿਚ ਮਿਲ ਸਕਦਾ ਹੈ ।

ਰਾਜ ਪ੍ਰਣਾਲੀ ਵਿਚ ਕਾਨੂੰਨੀ ਦਹਿਸ਼ਤ, ਇਸ ਕਾਲ ਵਿਚ ਆਮ ਵਰਤੀ ਜਾਣ ਲੱਗੀ। ਇਹ ਦਹਿਸ਼ਤ ਰੇਲਵੇ ਹੜਤਾਲ ਤੋੜਨ ਵੇਲੇ, ਲੋਕੋਮੋਟਿਵ ਹੜਤਾਲ ਤੇ ਪੁਲੀਸ ਹੜਤਾਲ ਕੁਚਲਨ, ਪੰਜਾਬ ਐਕਸ਼ਨ ਵੇਲੇ ਨੰਗੇ ਰੂਪ ਵਿਚ ਸਾਹਮਣੇ ਆਈ। ਪੁਲੀਸ ਤੇ ਨੀਮ ਫੌਜੀ ਦਹਿਸ਼ਤ, ਝੂਠੇ ਪੁਲਸ ਮੁਕਾਬਲੇ, ਬਿਨਾਂ ਠੋਸ ਅਧਾਰ ਸਾਧਾਰਨ ਲੋਕਾਂ ਦੀਆਂ ਗ੍ਰਿਫਤਾਰੀਆਂ, ਜਮਹੂਰੀ ਅਧਿਕਾਰਾਂ ਉਤੇ ਹਮਲੇ, ਦਫਾ 144 ਦੀ ਲੰਮੇ ਸਮੇਂ ਲਈ ਵਰਤੋਂ, ਪ੍ਰੈਸ ਉੱਤੇ ਪਾਬੰਦੀਆਂ, ਕੌਮੀ ਸੁਰਖਿਆ ਕਾਨੂੰਨ, ਸਪੈਸ਼ਲ ਅਦਾਲਤਾਂ, ਅਸ਼ਾਂਤ ਇਲਾਕੇ ਵਾਲਾ ਕਾਨੂੰਨ, ਗਵਾਹੀ ਐਕਟ ਵਿਚ ਤਬਦੀਲੀ ਆਦਿ ਕਾਨੂੰਨੀ ਦਹਿਸ਼ਤ ਦੇ ਮੁਹਾਂਦਰੇ ਹਨ।

ਇਸ ਦੌਰ ਵਿਚ ਇਲਾਕਾਵਾਦ-ਪ੍ਰਾਂਤਵਾਦ ਵਿਰੁੱਧ ਪ੍ਰਚਾਰ ਹੁੰਦਾ ਰਿਹਾ। ਇਲਾਕਾਈ ਪਾਰਟੀਆਂ ਦੀ ਕੀਤੀ ਜਾਂਦੀ ਰਹੀ। ਪਰ ਲੋੜ ਵੇਲੇ ਇਲਾਕਾਈ ਪਾਰਟੀਆਂ ਤੇ ਗਰੁੱਪਾਂ ਗੁਟਾਂ ਨਾਲ ਮੌਕਾਪ੍ਰਸਤ ਸਮਝੌਤੇ ਵੀ ਕੀਤੇ ਜਾਂਦੇ ਰਹੇ—ਜਿਵੇਂ ਬੰਬਈ ਵਿਚ ਬਾਲ ਠਾਕਰੇ ਦੀ ਸ਼ਿਵ ਸੈਨਾ ਨਾਲ, ਤਾਮਿਲ ਨਾਡੂ ਵਿਚ ਡੀ.ਐਮ.ਕੇ. ਤੇ ਫੇਰ ਅੰਨਾ ਡੀ. ਐਮ. ਕੇ. ਨਾਲ, ਤ੍ਰੀਪੁਰਾ ਵਿਚ ਕ਼ਬਾਇਲੀ ਗੁਟ ਨਾਲ, ਕਸ਼ਮੀਰ ਵਿਚ ਜੀ. ਐਮ. ਸ਼ਾਹ ਵੇਲੇ ਨੈਸ਼ਨਲ ਕਾਨਫਰੰਸ ਗਰੁੱਪ ਨਾਲ, ਆਂਧਰਾ ਪ੍ਰਦੇਸ਼ ਵਿਚ ਭਾਸਕਰ ਰਾਓ ਵਾਲੇ ਤੇਲਗੂ ਦੇਸਮ ਗਰੁਪ ਨਾਲ। ਇਕ ਪਾਸੇ ਗਰੀਬ-ਮੁਕਤੀ ਦਾਤਾ ਤੇ ਹਰੀਜਨ ਮਸੀਹਾਂ ਦੀ ਤੂਤੀ ਵਜਦੀ ਰਹੀ—ਦੂਜੇ ਪਾਸੇ ਹੋਰ ਜ਼ਿਆਦਾਤਰ ਲੋਕ ਗਰੀਬੀ ਰੇਖਾ ਤੋਂ ਹੇਠਾਂ ਨਿਘਰਦੇ ਗਏ। ਹਰੀਜਨਾਂ ਅਤੇ ਇਸਤਰੀਆਂ ਉੱਤੇ ਅਤਿਆਚਾਰ ਵਧਦੇ ਗਏ—ਬੇਲਚੀ, ਦਿਓਲੀ, ਨਰਾਇਣਪੁਰ, ਪਿਪਰਾ, ਨੈਲੀ ਆਦਿ ਵਰਗੇ ਦੁਖਾਂਤ ਵਾਪਰਦੇ ਰਹੇ।

ਹੁਣ ਲੋੜ ਹੈ—ਜਾਤ ਦੀ ਥਾਂ ਜਮਾਤ ਦੀ, ਜਨੂੰਨ-ਧਰਮ ਦੀ ਥਾਂ ਅਰਥ ਦੀ, ਥੀਓਕਰੇਸੀ ਦੀ ਥਾਂ ਡੈਮੋਕਰੇਸੀ ਦੀ, ਆਪਸੀ ਭਿੜਨ ਦੀ ਥਾਂ ਸੰਘਰਸ਼ ਦੀ, ਫਿਰਕਿਆਂ ਦੀ ਥਾਂ ਵਰਗ ਦੀ ਅਤੇ ਆਪਣਾ ਸਾਂਝਾ ਮੰਚ ਪਛਾਨਣ ਦੀ।

○

## ਮੇਰੀ ਬੰਬਈ ਡਾਇਰੀ ਦੇ ਕੁਝ ਅੰਸ਼ /ਗੁਰਸ਼ਰਨ ਸਿੰਘ

31 ਅਕਤੂਬਰ ਤੋਂ 10 ਨਵੰਬਰ ਤਕ ਮੈਂ ਅਪਣੇ ਹੋਰ ਸਾਥੀਆਂ ਨਾਲ ਬੰਬਈ ਸ਼ਹਿਰ ਵਿਚ ਰਿਹਾ। ਅਸੀਂ ਉਥੇ ਅੰਮ੍ਰਿਤਸਰ ਸਕੂਲ ਆਫ ਡਰਾਮਾ ਵਲੋਂ ਇਕ ਖੁਲ੍ਹੇ ਮੰਚ ਦੇ ਨਾਟਕ ਮੇਲੇ ਵਿਚ ਹਿੱਸਾ ਲੈਣ ਗਏ ਸਾਂ। ਇਹ ਨਾਟਕ ਮੇਲਾ ਬੰਬਈ ਦੇ ਇਕ ਗਰੁਪ ਨਵਨਿਰਮਾਨ ਸਭਿਆਚਾਰਕ ਮੰਚ ਵਲੋਂ ਕਰਵਾਇਆ ਜਾ ਰਿਹਾ ਸੀ। ਇਸ ਵਿਚ ਦੇਸ਼ ਭਰ ਤੋਂ ਉਹਨਾਂ ਟੀਮਾਂ ਨੇ ਹਿੱਸਾ ਲੈਣਾ ਸੀ ਜੋ ਅਪਣੇ ਅਪਣੇ ਇਲਾਕਿਆਂ ਵਿਚ ਇਸ ਸਮਾਜ ਨੂੰ ਨਿਆਂਸ਼ੀਲ ਸਮਾਜ ਵਿਚ ਬਦਲਣ ਲਈ ਵਚਣਬੰਧ ਹੋਕੇ ਨਾਟਕ ਕਰਦੇ ਹਨ।

ਅਪਣੇ ਘਰ ਵਿਚ, ਅਪਣੇ ਪਿੰਡ ਵਿਚ, ਅਪਣੇ ਸ਼ਹਿਰ ਵਿਚ ਅਤੇ ਅਪਣੇ ਸੂਬੇ ਵਿਚ ਬੈਠਕੇ ਵਾਪਰ ਰਹੀਆਂ ਘਟਨਾਵਾਂ ਨੂੰ ਜਿਸ ਦ੍ਰਿਸ਼ਟੀ ਨਾਲ ਅਸੀਂ ਵੇਖਦੇ ਹਾਂ, ਉਸ ਦ੍ਰਿਸ਼ਟੀ ਨੂੰ ਇਹਨਾਂ ਥਾਵਾਂ ਤੋਂ ਬਾਹਰ ਨਿਕਲਕੇ ਨਵੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਿਸਮ ਦੇ ਤੱਜਰਬੇ ਵਿਚੋਂ ਅਸੀਂ ਅਪਣੀ ਬੰਬਈ ਦੀ ਫੇਰੀ ਦਰਮਿਆਨ ਲੰਘੇ ਹਾਂ। ਦਿਲੀ ਤੋਂ ਬੰਬਈ ਤਕ ਦਾ ਸਫਰ, ਖਾਸ ਕਰਕੇ ਇਹ ਸਫਰ ਜਦੋਂ ਤੁਸੀਂ ਦਾਦਰ ਐਕਸਪ੍ਰੈਸ ਰਾਹੀਂ ਕਰ ਰਹੇ ਹੋਵੋ ਤਾਂ ਤੁਹਾਨੂੰ ਇਸ ਦੇਸ਼ ਦੀ ਨਾਂ ਮੁਕਣ ਵਾਲੀ ਵਿਸ਼ਾਲਤਾ ਦਾ ਇਕ ਐਸਾ ਅਨੁਭਵ ਦੇਂਦਾ ਹੈ ਕਿ ਪੰਜਾਬ ਵਰਗਾ ਛੋਟਾ ਸੂਬਾ ਇਸ ਵਿਚ ਇਕ ਬੜੀ ਹੀ ਮਮੂਲੀ ਥਾਂ ਰਖਦਾ ਹੈ। ਮੈਂ ਮਹਿਸੂਸ ਕੀਤਾ ਕਿ ਜੇਕਰ ਪੰਜਾਬ ਵਿਚ ਕੋਈ ਘਟਨਾ ਵਾਪਰ ਜਾਏ ਤਾਂ ਉਹ ਬਾਕੀ ਦੇਸ਼ ਉਤੇ ਕੋਈ ਅਸਰ ਨਹੀਂ ਰਖੇਗੀ। ਪੰਜਾਬ ਹਿੰਦ ਪਾਕਿਸਤਾਨ ਜੰਗ ਵਿਚ ਤਬਾਹ ਹੋ ਜਾਏ, ਪੰਜਾਬ ਵਿਚ ਸਿਖਾਂ ਦਾ ਹਰਿਮੰਦਰ ਸਾਹਿਬ ਢਹਿ ਜਾਏ, ਪੰਜਾਬ ਹਿੰਦੂ ਸਿਖ ਫਸਾਦਾਂ ਵਿਚ ਉੱਜੜ ਜਾਏ, ਪੰਜਾਬ ਫੌਜੀ ਰਾਜ ਦੀ ਜਕੜ ਵਿਚ ਬੰਨ ਦਿਤਾ ਜਾਏ, ਬਾਕੀ ਹਿੰਦੋਸਤਾਨ ਦੀ ਸੇਹਿਤ ਤੇ ਕੋਈ ਅਸਰ ਨਹੀਂ ਪੈਣਾ। ਇਸ ਲਈ ਸਾਰੇ ਪੰਜਾਬੀਆਂ ਨੂੰ ਅਤੇ ਖਾਸ ਕਰਕੇ ਸਿਖਾਂ ਨੂੰ ਜਿਨ੍ਹਾਂ ਦੇ ਮੁੱਖ ਹਿੱਤ ਪੰਜਾਬ ਨਾਲ ਜੁੜੇ ਹੋਏ ਹਨ, ਬੜੀ ਸਿਆਣਪਤਾ ਨਾਲ ਦੇਸ਼ ਦੀ ਮੁੱਖ ਧਾਰਾ ਵਿਚ ਵਿਚਰਣਾ ਚਾਹੀਦਾ ਹੈ।

ਜਿਸ ਨਾਟਕ ਮੇਲੇ ਵਿਚ ਅਸੀਂ ਹਿੱਸਾ ਲੈਣਾ ਸੀ, ਇਹ 1, 2, 3 ਨਵੰਬਰ ਬੰਬਈ ਦੇ ਮਜ਼ਦੂਰਾਂ ਦੇ ਇਕ ਇਲਾਕੇ ਵੌਰਲੀ ਵਿਖੇ ਇਕ ਖੁਲ੍ਹੇ ਮੈਦਾਨ ਵਿਚ ਹੋਣਾ ਸੀ। ਪੰਜਾਬ ਤੋਂ ਅਸੀਂ 9 ਕਲਾਕਾਰਾਂ ਦੀ ਟੀਮ ਇਸ ਵਿਚ ਹਿੱਸਾ ਲੈਣ ਗਏ। 31 ਅਕਤੂਬਰ ਅਸੀਂ ਸਵੇਰੇ ਪੰਜ ਵਜੇ ਬੰਬਈ ਦਾਦਰ ਸਟੇਸ਼ਨ ਤੇ ਪੁੱਜੇ। ਨਵਨਿਰਮਾਨ ਗਰੁਪ ਦੇ ਵਾਲੰਟੀਅਰ ਸ਼ਾਡੇ ਸਵਾਗਤ ਲਈ ਸਟੇਸ਼ਨ ਤੇ ਆਏ ਹੋਏ ਸਨ। ਅਸੀਂ ਰੇਵਿਦਰ ਨਾਟਿਯਾ ਮੰਦਰ, ਪ੍ਰਭਾਦੇਵੀ ਪੁੱਜੇ ਜਿਥੇ ਸਾਡੇ ਤੇ ਹੋਰਨਾਂ ਟੀਮਾਂ ਦੇ ਠਹਿਰਣ ਦਾ ਇੰਤਜ਼ਾਮ ਕੀਤਾ ਗਿਆ ਸੀ। ਬਹੁਤ ਵਧੀਆ ਆਲਾ-ਦੁਆਲਾ ਸੀ। ਅਸੀਂ ਵੀ ਬੜੇ ਉਤਸ਼ਾਹ ਵਿਚ ਸਾਂ।

ਇਸ ਨਾਟਕ ਮੇਲੇ ਲਈ ਅਸੀਂ ਖਾਸ ਤਿਆਰੀ ਕਰ ਕੇ ਆਏ ਸਾਂ। ਪੰਜਾਬੀ ਗੀਤਾਂ ਦੇ ਨਾਲ ਨਾਲ ਅਸੀਂ ਹਿੰਦੀ ਜ਼ਬਾਨ ਵਿਚ ਵੀ ਨਾਟਕ ਅਤੇ ਗੀਤ ਤਿਆਰ ਕੀਤੇ ਸਨ। ਅਸੀਂ ਚਾਹੁੰਦੇ ਸਾਂ ਕਿ ਜਿਨ੍ਹਾਂ ਮੇਹਨਤਕਸ਼ ਲੋਕਾਂ ਅਗੇ ਅਸੀਂ ਅਪਣਾ ਪ੍ਰੋਗਰਾਮ ਪੇਸ਼ ਕਰਨਾ ਹੈ ਅਤੇ ਅਪਣਾ ਸੁਨੇਹਾ ਦੇਣਾ ਹੈ; ਉਹਨਾਂ ਨੂੰ ਸਾਡੀ ਜ਼ਬਾਨ ਸਮਝਣ ਵਿਚ ਮੁਸ਼ਕਿਲ ਨਾ ਆਏ। ਹੋਰ ਵੀ ਸੂਬਿਆ ਤੋਂ ਜਿਹੜੀਆਂ ਟੀਮਾਂ ਆਈਆਂ ਸਨ, ਉਹ ਵੀ ਭਾਵੇਂ ਅਪਣੇ ਅਪਣੇ ਇਲਾਕਿਆਂ ਵਿਚ ਅਪਣੀ ਭਾਸ਼ਾ ਵਿਚ ਨਾਟਕ ਕਰਦੇ ਸਨ, ਪਰ ਇਸ ਮੌਕੇ ਲਈ ਉਹਨਾਂ ਨੇ ਵੀ ਹਿੰਦੀ ਜ਼ਬਾਨ ਵਿਚ ਅਪਣੇ ਪ੍ਰੋਗਰਾਮ ਦੀ ਤਿਆਰੀ ਕਰਕੇ ਲਿਆਂਦੀ ਸੀ। ਅਸੀਂ ਸਾਰੇ ਅਪਣੀ ਅਪਣੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਸਾਂ ਪਰ ਸਾਡੀ ਮੁੱਖ ਲੋੜ ਇਕ ਦੂਜੇ ਨੂੰ ਸੁਨਣ ਅਤੇ ਸੁਨਾਣ ਦੀ ਸੀ, ਇਸ ਲਈ ਸਾਡੇ ਵਿਚ ਅਪਣੀ ਬੋਲੀ ਬਾਰੇ ਕਿਸੇ ਕਿਸਮ ਦੀ ਤੰਗਨਜ਼ਰੀ ਜਾਂ ਸ਼ਾਵਨਵਾਦ ਨਹੀਂ ਸੀ, ਸਗੋਂ ਇਕ ਪ੍ਰੋਲਤਾਰੀ ਭਾਈਚਾਰਾ ਸੀ। ਛਿੰਦਵਾੜਾ (ਮਧਿਆ ਪ੍ਰਦੇਸ਼) ਤੋਂ ਆਦੀ ਵਾਸੀ ਮਜ਼ਦੂਰਾਂ ਦਾ ਇਕ ਨਾਟਕ ਗਰੁਪ ਸੀ, ਜਿਹੜੇ ਆਪਣੀ ਜ਼ਬਾਨ ਵਿਚ ਵੀ ਗੀਤ ਗਾਂਦੇ ਸਨ ਤੇ ਨਾਲ ਹਿੰਦੀ ਵਿਚ ਵੀ ਗੀਤ ਅਤੇ ਨਾਟਕ ਕਰਦੇ ਸਨ।

31 ਅਕਤੂਬਰ ਦਸ ਵਜੇ ਤਕ ਸਾਡੇ ਕਲਾਕਾਰ ਵੀ ਤੇ ਬਾਹਰੋਂ ਆਈਆਂ ਹੋਰ ਟੀਮਾਂ ਦੇ ਕਲਾਕਾਰ ਵੀ ਨਾਸ਼ਤਾ ਵਗੈਰਾ ਕਰ ਕੇ ਤਿਆਰ ਹੋ ਗਏ ਸਨ ਤਾਂ ਜੋ ਬੰਬਈ ਦੀ ਸੈਰ ਲਈ ਨਿਕਲ ਸਕਣ। ਇਹਨਾਂ ਵਿਚੋਂ ਬਹੁਤੇ ਪਹਿਲੀ ਵਾਰ ਬੰਬਈ ਆਏ ਸਨ। ਇਹ ਤਹਿ ਕੀਤਾ ਗਿਆ ਕਿ ਸਾਰੇ ਸ਼ਾਮ 4 ਵਜੇ ਫਲੋਰਾ ਫਾਊਨਟੇਨ ਤੇ ਇਕੱਠੇ ਹੋਵਾਂਗੇ ਤੇ ਉਥੇ ਦੋ ਤਿੰਨ ਛੋਟੇ ਨੁੱਕਰ ਨਾਟਕ ਕਰਾਂਗੇ। ਇਸ ਤਰ੍ਹਾਂ ਅਗਲੇ ਦਿਨ ਸ਼ੁਰੂ ਹੋਣ ਵਾਲੇ ਨਾਟਕ ਮੇਲੇ ਦਾ ਪ੍ਰਚਾਰ ਵੀ ਹੋ ਜਾਏਗਾ ਅਤੇ ਇਕ ਵਡੇ ਸ਼ਹਿਰ ਵਿਚ ਨੁੱਕਰ ਨਾਟਕ ਕਰਨ ਦਾ ਤਜਰਬਾ ਵੀ ਹੋ ਜਾਏਗਾ। ਕਲਾਕਾਰ ਚਲ ਗਏ ਮੈਂ ਕੁਝ ਪੱਤਰਕਾਰਾਂ ਨਾਲ ਗੱਲਬਾਤ ਕਰਨ ਲਈ ਉਥੇ ਹੀ ਰਿਹਾ।

11 ਵਜੇ ਪ੍ਰਧਾਨ ਮੰਤਰੀ ਦੀ ਹੱਤਿਆ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ। ਸਾਰਾ ਵਾਤਾਵਰਨ ਇਕਦਮ ਬਦਲ ਗਿਆ। ਸਾਰੇ ਕੰਨ ਰੇਡੀਓ ਵੱਲ ਲਗ ਗਏ। ਬੀ. ਬੀ. ਸੀ. ਤੋਂ ਖਬਰ ਆ ਗਈ ਕਿ ਪ੍ਰਧਾਨ ਮੰਤਰੀ ਕਤਲ ਹੋ ਗਈ ਹੈ ਤੇ ਕਤਲ ਕਰਨ ਵਾਲੇ ਦੋ ਸਿੱਖ ਸਨ। ਜੋ ਪ੍ਰਧਾਨ ਮੰਤਰੀ ਦੀ ਸਿਕਉਰਟੀ ਗਾਰਡ ਦੇ ਮੈਂਬਰ ਸਨ। ਆਪਣਾ 'ਰੇਡੀਓ' ਭਾਵੇਂ ਇਹ ਖਬਰ ਹਾਲੇ ਨਹੀਂ ਸੀ ਦੇ ਰਿਹਾ ਪਰ ਕਿਸੇ ਕਿਸਮ ਦਾ ਸ਼ਕ ਨਹੀਂ ਸੀ ਰਿਹਾ। ਬੰਬਈ ਵਿਚ ਸ਼ਿਵ ਸੈਨਾ ਦਾ ਇਤਿਹਾਸ ਜਾਨਣ ਵਾਲੇ ਜਾਣਦੇ ਸਨ ਕਿ ਕਿਸੇ ਵੇਲੇ ਵੀ ਸ਼ਹਿਰ ਵਿਚ ਕੁਝ ਵਾਪਰ ਸਕਦਾ ਹੈ, ਕਿਉਂਕਿ ਏਨੇ ਵਡੇ ਸ਼ਹਿਰ ਵਿਚ ਬੜੀ ਵੱਡੀ ਗਿਣਤੀ ਵਿਚ ਉਹ ਅਨਸਰ ਹਾਜ਼ਰ ਹੈ ਜੋ ਮੌਕੇ ਦਾ ਫਾਇਦਾ ਉਠਾ ਕੇ ਲੁੱਟਮਾਰ ਵਿਚ ਦਿਲਚਸਪੀ ਰਖਦਾ ਹੈ। ਮੈਨੂੰ ਆਪਣੇ ਕਲਾਕਾਰਾਂ ਦਾ ਫਿਕਰ ਹੋਇਆ ਜੋ ਸਾਰੇ ਹੀ ਪੱਗਾਂ ਵਾਲੇ ਸਨ ਕਿ ਐਵੇਂ ਕਿਸੇ ਭੀੜ ਵਿਚ ਨਾ ਫਸ ਜਾਣ। ਇਹ ਫਿਕਰ ਉਸ ਵੇਲੇ ਹਟਿਆ ਜਦੋਂ ਉਹ ਤਿੰਨ ਵਜੇ ਦੇ ਕਰੀਬ ਆਪਣੇ ਡੇਰੇ ਵਾਪਸ ਪੁੱਜੇ। ਬੰਬਈ ਵਿਚ ਰਹਿਣ ਵਾਲੇ ਇਕ ਪੰਜਾਬੀ ਭਰਾ ਨੇ ਉਹਨਾਂ ਨੂੰ ਸਲਾਹ ਦਿਤੀ ਸੀ ਕਿ ਉਹ ਇਸ ਤਰ੍ਹਾਂ ਖੁਲ੍ਹੇ-ਆਮ ਬਾਜ਼ਾਰਾਂ ਵਿਚ ਨਾ ਫਿਰਨ। ਉਹਨਾਂ ਨੂੰ ਠੀਕ ਖਬਰ ਦਾ ਪਤਾ ਬੜੀ ਦੇਰ ਬਾਅਦ ਲੱਗਾ। ਰੇਡੀਓ ਟਰਾਂਜ਼ਿਸ-ਟਰਾਂ ਦੇ ਆਲੇ ਦੁਆਲੇ ਭੀੜ ਜਮਾਂ ਦੇਖਕੇ ਉਹਨਾਂ ਨੇ ਇਹੀ ਸਮਝਿਆ ਸੀ ਕਿ ਲੋਕ ਕ੍ਰਿਕਟ ਮੈਚ ਦੀ ਕੁਮੈਂਟਰੀ ਸੁਣ ਰਹੇ ਸਨ, ਜੋ ਉਸ ਵੇਲੇ ਸਿਆਲਕੋਟ ਖੇਡਿਆ ਜਾ ਰਿਹਾ ਸੀ।

ਮੇਰੇ ਆਲੇ ਦੁਆਲੇ ਲੋਕਾਂ ਵਿਚ ਅਤੇ ਪਤ੍ਰਕਾਰਾਂ ਵਿਚ ਇੰਦਰਾ ਗਾਂਧੀ ਦਾ ਇਸ ਕਤਲ ਦਾ ਕੋਈ ਹੈਰਾਨੀ ਵਾਲਾ ਪ੍ਰਤੀਕਰਮ ਨਹੀਂ ਸੀ, ਜਿਸ ਤਰ੍ਹਾਂ ਉਹ ਜਾਣਦੇ ਸਨ ਕਿ ਜਿਸ ਕਿਸਮ ਦੀ ਸਿਆਸਤ ਪ੍ਰਧਾਨ ਮੰਤਰੀ ਦੇਸ਼ ਵਿਚ ਚਲਾ ਰਹੀ ਸੀ, ਉਹਦਾ ਇਹ ਕੁਦਰਤੀ ਅੰਤ ਹੈ। ਮੈਨੂੰ ਸਾਰੀ ਖਬਰ ਤੋਂ ਜੋ ਹੈਰਾਨੀ ਹੋਈ ਸੀ ਉਹ ਇਹ ਸੀ ਕਿ ਪ੍ਰਧਾਨ ਮੰਤਰੀ ਨੇ ਆਪਣੇ ਨਿਜੀ ਰਖਿਆ ਫੋਰਸ ਵਿਚ ਸਿੱਖ ਨੌਜਵਾਨ ਕਿਉਂ ਰਖੇ ਸਨ? ਕੀ ਉਹ ਸਿਖਾਂ ਦੀ ਆਪਣੇ ਪ੍ਰਤੀ ਗੁਸੇ ਜਾਂ ਰੰਜਸ਼ ਨੂੰ ਨਹੀਂ ਜਾਣਦੀ ਸੀ? ਪਰ ਲਗਦਾ ਹੈ ਕਿ ਘਾਗ ਤੋਂ ਘਾਗ ਬੰਦਾ ਵੀ ਕਦੀ ਸਵੈ-ਧੋਖੇ ਦਾ ਸ਼ਿਕਾਰ ਹੋ ਜਾਂਦਾ ਹੈ। ਕੁਝ ਝੋਲੀ ਚੁੱਕ ਸ਼ਿਖਾਂ ਨੇ ਜੋ ਉਹਦੇ ਆਲੇ ਦੁਆਲੇ ਇਕੱਠੇ ਹੋਏ ਸਨ, ਉਹ ਸ਼ਾਇਦ ਉਹਦੇ ਕੰਨਾਂ ਵਿਚ ਇਹੀ ਪਾਂਦੇ ਰਹੇ ਹੋਣ ਕਿ ਸਿਖ ਉਹਦੀਆਂ ਕਾਰਵਾਈਆਂ ਤੋਂ ਬਹੁਤ ਖ਼ੁਸ਼ ਹਨ ਅਤੇ ਹੁਣ ਜਦੋਂ ਅਕਾਲ ਤਖਤ ਨਵਾਂ ਬਣ ਗਿਆ ਹੈ ਉਹ ਤਾਂ ਸਗੋਂ ਉਹਦੇ ਇਹਸਾਨ-ਮੰਦ ਹਨ। ਬਾਬਾ ਸੰਤਾ ਸਿੰਘ ਨੂੰ ਕਾਰ-ਸੇਵਾ ਦੀ ਜ਼ਿੰਮੇਂਵਾਰੀ ਦੇਣ ਦਾ ਫੈਸਲਾ ਵੀ ਇਸ ਗ਼ਲਤ ਫਹਿਮੀ ਦਾ ਨਤੀਜਾ ਸੀ ਅਤੇ ਨਿਜੀ ਗਾਰਡ ਵਿਚ ਸਿੱਖਾਂ ਦੀ ਹੋਂਦ ਵੀ ਇਸ ਸਵੈ-ਧੋਖੇ ਦੀ ਦੇਣ ਸੀ। ਜੀ ਹਜ਼ੂਰੀ ਸਿਆਸਤ ਜੋ ਪ੍ਰਧਾਨ ਮੰਤਰੀ ਦੀ ਦੇਸ਼ ਨੂੰ ਦੇਣ ਸੀ, ਉਹਦੇ ਲਈ ਹੀ ਘਾਤਕ ਸਾਬਤ ਹੋਈ ਸੀ। ਆਉਣ ਵਾਲੇ ਸਮੇਂ ਵਿਚ ਕੀ ਹੋਣ ਵਾਲਾ ਹੈ, ਇਹਦਾ ਮੈਨੂੰ ਫਿਕਰ ਹੋਇਆ। ਪਿਛਲੇ 6 ਸਾਲ ਤੋਂ ਇਕ ਨਫ਼ਰਤ

ਅਤੇ ਜ਼ਿੱਦ ਵਾਲੀ ਸਿਆਸਤ ਨੇ ਪੰਜਾਬ ਨੂੰ ਘੇਰਿਆ ਹੋਇਆ ਹੈ । ਉਹਦੇ ਗ਼ਲਤ ਤੋਂ ਗ਼ਲਤ ਨਤੀਜੇ ਸਾਹਮਣੇ ਆ ਰਹੇ ਹਨ । 1978 ਦੀ ਵਿਸਾਖੀ ਸ਼ੁਰੂਆਤ ਸੀ ਜਦੋਂ ਸਿੱਖ ਨਿਰੰਕਾਰੀ ਝਗੜਾ ਹੋਇਆ । ਇਹ ਸਿਆਸਤ ਹਜ਼ਾਰਾਂ ਲੋਕਾਂ ਦੀ ਜਾਨ ਲੈ ਚੁੱਕੀ ਹੈ। ਸਿੱਖਾਂ ਦਾ ਪਵਿੱਤ੍ਰ ਅਸਥਾਨ ਹਰਿਮੰਦਰ ਸਾਹਿਬ ਤਬਾਹ ਹੋਇਆ । ਇਕ ਦੇਸ਼ ਦੀ ਪ੍ਰਧਾਨ ਮੰਤਰੀ ਦੀ ਹੱਤਿਆ ਹੋਈ ਸਭ ਕੁਝ ਕਿਸੇ ਦੇਸ਼ ਲਈ, ਉਹਦੇ ਲੋਕਾਂ ਲਈ ਚੰਗਾ ਸ਼ਗਨ ਨਹੀਂ, ਮੈਂ ਯਕੀਨ ਨਾਲ ਕਹਿ ਸਕਦਾ ਸਾਂ ਅਤੇ ਇਹ ਵਿਚਾਰ ਮੈਂ ਬੰਬਈ ਦੇ ਪੱਤਰਕਾਰਾਂ ਨਾਲ ਵੀ ਸਾਂਝੇ ਕੀਤੇ ।

ਅਗਲੇ ਦਿਨ ਬੰਬਈ ਬੰਦ ਸੀ। ਅਸੀਂ ਜਿਨ੍ਹਾਂ ਦੇ ਸਿਰਾਂ ਤੇ ਪੱਗਾਂ ਸਨ, ਆਪਣੇ ਨਿਵਾਸ ਅਸਥਾਨ ਵਿਚ ਬੰਦ ਸਾਂ। ਨਵ-ਨਿਰਮਾਨ ਦੇ ਵਾਲੰਟੀਅਰ ਬੜੀ ਹੁਸ਼ਿਆਰੀ ਨਾਲ ਸਾਡੇ ਬਚਾਅ ਲਈ ਪਹਿਰਾ ਦੇ ਰਹੇ ਸਨ, ਕਿਉਂਕਿ ਜਿਸ ਇਲਾਕੇ ਵਿਚ ਅਸੀਂ ਰਹਿ ਰਹੇ ਸਾਂ ਉਹ ਸ਼ਿਵ ਸੈਨਾ ਦਾ ਗੜ੍ਹ ਸੀ। ਬੀ. ਬੀ. ਸੀ. ਨੇ ਖਬਰ ਦਿਤੀ ਕਿ ਇੰਦਰਾ ਗਾਂਧੀ ਦੀ ਹਤਿਆ ਦੀ ਖਬਰ ਸੁਣ ਕੇ ਸਾਊਥਆਲ ਲੰਡਨ ਵਿਚ ਕੁਝ ਸਿਖਾਂ ਨੇ ਸ਼ਰਾਬ ਦੀਆਂ ਬੋਤਲਾਂ ਖੋਲ੍ਹ ਕੇ ਭੰਗੜਾ ਪਾਇਆ ਸੀ। ਜਗਜੀਤ ਸਿੰਘ ਚੌਹਾਨ ਨੇ ਬਿਆਨ ਦਿਤਾ ਹੈ ਕਿ ਇਹ ਸਾਡੀ ਕਾਰਵਾਈ ਦੀ ਪਹਿਲੀ ਕੜੀ ਹੈ। ਰਜੀਵ ਅਤੇ ਜ਼ੈਲ ਸਿੰਘ ਦੀ ਅਗੋਂ ਵਾਰੀ ਹੈ। ਬਾਹਰਲੇ ਦੇਸ਼ਾਂ ਵਿਚ ਸੁਰੱਖਿਅਤ ਬੈਠੇ ਇਹ ਲੋਕ ਨਹੀਂ ਜਾਣਦੇ ਸਨ ਕਿ ਦੇਸ਼ ਵਿਚ ਸਿਖਾਂ ਦੇ ਵਿਰੁਧ ਇਕ ਨਫ਼ਰਤ ਦੀ ਜੋ ਅੱਗ ਉੱਠ ਰਹੀ ਹੈ, ਇਹਨਾਂ ਦੇ ਬਿਆਨ ਉਸ ਵਿਚ ਕੀ ਤੇਲ ਪਾ ਰਹੇ ਹਨ । ਪੰਜਾਂ ਸਿੰਘ ਸਾਹਿਬਾਨ ਦਾ ਪਹਿਲੇ ਬਿਆਨ ਆਇਆ ਕਿ ਉਹਨਾਂ ਨੇ ਇਸ ਹਤਿਆ ਦੀ ਨਿੰਦਿਆ ਕੀਤੀ ਹੈ, ਫੇਰ ਬਿਆਨ ਵਾਪਸ ਲੈਣ ਦੀ ਖਬਰ ਆ ਗਈ ਤੇ ਇਹਨਾਂ ਖਬਰਾਂ ਦੇ ਨਾਲ ਹੀ ਦਿੱਲੀ ਵਿਚ ਅਤੇ ਦੇਸ਼ ਭਰ ਵਿਚ ਵੱਡੇ ਪੈਮਾਨੇ ਤੇ ਭੀੜ ਦੀਆਂ ਸਿਖਾਂ ਵਿਰੁਧ ਕਾਰਵਾਈਆਂ ਦੀਆਂ ਭਿਆਨਕ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ। ਇਹ ਵਿਉਂਤਬੰਦ ਤਰੀਕੇ ਨਾਲ ਕਾਂਗਰਸੀ ਗੁੰਡਿਆਂ ਦੀ ਅਗਵਾਈ ਵਿਚ ਸਿਖਾਂ ਦਾ ਕਤਲੇਆਮ ਕੀਤਾ ਗਿਆ ਅਤੇ ਕ੍ਰੋੜਾਂ ਦੀ ਜਾਇਦਾਦ ਦਾ ਨੁਕਸਾਨ ਹੋਇਆ। ਗੱਡੀਆਂ ਵਿਚ ਸਫਰ ਕਰ ਰਹੇ ਸਿਖਾਂ ਨੂੰ ਗੱਡੀਆਂ ਵਿਚੋਂ ਕੱਢ ਕੇ ਜੀਂਦਾ ਪੈਟਰੋਲ ਪਾ ਕੇ ਸਾੜਿਆ ਗਿਆ। ਬੰਬਈ ਦੇ ਖਾਲਸਾ ਕਾਲਜ ਦੀ ਇਕ ਨਾਟਕ ਟੀਮ ਦਿੱਲੀ ਜਾ ਰਹੀ ਸੀ, ਉਸ ਟੀਮ ਦੇ ਦੋ ਸਿੱਖ ਮੈਂਬਰਾਂ ਨੂੰ ਦਿੱਲੀ ਦੇ ਬਾਹਰ ਤੁਗ਼ਲਕਾਬਾਦ ਸਟੇਸ਼ਨ ਤੇ ਬੜੇ ਜ਼ਾਲਮਾਨ ਤਰੀਕੇ ਨਾਲ ਮਾਰਿਆ ਗਿਆ । ਅਗਲੇ ਤਿੰਨ ਦਿਨ ਇਹਨਾਂ ਸਭ ਖਬਰਾਂ ਨਾਲ ਬੰਬਈ ਦੀਆਂ ਅਖਬਾਰਾਂ ਭਰੀਆਂ ਹੋਈਆਂ ਸਨ । ਸਾਊਥਆਲ ਲੰਡਨ ਤੋਂ ਹੁਣ ਭੰਗੜਾ ਪਾਉਣ ਦੀਆਂ ਖਬਰਾਂ ਨਹੀਂ ਸਨ। ਸਿੰਘ ਸਾਹਿਬਾਨ ਨੂੰ ਹੁਣ ਹਿੰਦੋਸਤਾਨ ਭਰਦੇ ਸਿਖਾਂ ਦਾ ਫ਼ਿਕਰ ਹੋਣ ਲੱਗਾ। ਇੰਦਰਾ ਗਾਂਧੀ ਦੀ ਹੱਤਿਆ ਤੇ ਅਫਸੋਸ ਜ਼ਹਿਰ ਕਰਨ ਵਾਲਾ ਬਿਆਨ ਵਾਪਸ ਲੈਣ ਵੇਲੇ ਉਹਨਾਂ ਨੂੰ ਇਹ ਫਿਕਰ ਨਹੀਂ ਸੀ। ਲੰਡਨ ਬੈਠੇ ਜਾਂ ਪੰਜਾਬ ਬੈਠੇ ਗ਼ੈਰ ਜ਼ਿਮੇਵਾਰ ਸਿਖ ਪੰਜਾਬ ਤੋਂ ਬਾਹਰ ਬਾਕੀ ਹਿੰਦੋ-ਸਤਾਨ ਵਿਚ ਬੈਠੇ ਸਿੱਖਾਂ ਲਈ ਕੀ ਖਤਰਾ ਬਣ ਸਕਦੇ ਹਨ, ਇਹਦਾ ਅੰਦਾਜ਼ਾ ਮੈਂ ਪਹਿਲੋਂ ਵੀ ਲਗਾ ਸਕਦਾ ਸਾਂ ਤੇ ਆਪਣੀਆਂ ਲਿਖਤਾਂ ਵਿਚ ਵੀ ਇਹਦਾ ਆਮ ਜ਼ਿਕਰ ਕਰਦਾ ਸਾਂ (ਨਵੰਬਰ ਸਮਤਾ ਦਾ ਸੰਪਾਦਕੀ) ਪਰ ਇਹਦਾ ਅਸਲੀ ਅਹਿਸਾਸ ਬੰਬਈ ਵਿਚ ਬੈਠੇ ਨੂੰ ਹੋਇਆ। ਬੰਬਈ ਵਿਚ ਲੱਖ ਦੇ ਕਰੀਬ ਰਹਿਣ ਵਾਲੇ ਸਿਖ ਅਪਣੇ ਘਰਾਂ ਦੀ ਚਾਰ ਦਿਵਾਰੀ ਵਿਚ ਕੈਦ ਸਨ। ਟੈਕਸੀਆਂ ਵਾਲੇ ਸਿਖ ਸੜਕਾਂ ਤੇ ਆਉਣ ਦਾ ਹੌਸਲਾ ਨਹੀਂ ਕਰ ਰਹੇ ਸਨ। ਬੰਬਈ ਵਿਚ ਕੋਈ ਭੈੜੀ ਘਟਨਾ ਨਹੀਂ ਵਾਪਰੀ। ਇਹਦੇ ਦੋ ਤਿੰਨ ਕਾਰਨ ਦੱਸੇ ਜਾਂਦੇ ਸਨ। ਇਕ ਤਾਂ ਬੰਬਈ ਦੀ ਪੁਲੀਸ ਦੀ ਇਸ ਮਾਮਲੇ ਵਿਚ ਇਮਾਨਦਾਰੀ ਨਾਲ ਅਮਨ ਅਤੇ ਕਾਨੂੰਨ ਦੀ ਰਖਵਾਲੀ ਕਰਨਾ, ਦੂਜੇ ਸਿਖ ਆਗੂਆਂ ਦਾ ਸ਼ਿਵਸੈਨਾ ਦੇ ਸੰਚਾਲਕ ਬਾਲ ਠੈਕਰੇ ਨੂੰ ਇਕ ਡੈਪੂਟੇਸ਼ਨ ਵਿਚ ਮਿਲਣਾ ਅਤੇ ਸਿਖਾਂ ਦੇ ਜਾਨੋਮਾਲ ਦੀ ਰਖਵਾਲੀ ਦੀ ਗਰੰਟੀ ਲੈਣਾ ਅਤੇ ਤੀਸਰੇ ਪੰਜਾਬ ਹਿੰਦੂ ਸਿਖਾਂ ਦੀਆਂ ਬਲਵੀਆਂ ਕਾਲੋਨੀਆਂ ਵਿਚ ਹਿੰਦੂ ਸਿਖ ਏਕਤਾ ਅਤੇ ਭਾਈਚਾਰਾ ਪੱਕੀ ਤਰ੍ਹਾਂ ਕਾਇਮ ਰਹਿਣਾ। ਇਹ ਤੀਜੀ ਗੱਲ ਦਿੱਲੀ ਵਿਚ ਵੀ ਵੇਖਣ ਵਿਚ ਆਈ ਹੈ। ਪੰਜਾਬੀ ਹਿੰਦੂ ਸਿੱਖਾਂ ਨੇ ਆਪਣੀਆਂ ਕਾਲੋਨੀਆਂ ਵਿਚ ਰਲਕੇ ਗੁੰਡਿਆਂ ਦਾ ਮੁਕਾਬਲਾ ਕੀਤਾ ਹੈ। ਦਿਲੀ ਵਿਚ ਪੁਲਸ ਅਤੇ ਕਾਂਗਰਸੀ ਗੁੰਡਿਆਂ ਨੇ ਬੰਬਈ ਦੇ ਮੁਕਾਬਲੇ ਬਿਲਕੁਲ ਉਲਟ ਭੂਮਿਕਾ ਨਿਭਾਈ ਹੈ। ਬੰਬਈ ਦੀਆਂ ਅਖਬਾਰਾਂ ਬੜੇ ਸਪੱਸ਼ਟ ਢੰਗ ਨਾਲ ਇਹਦਾ ਜ਼ਿਕਰ ਆ ਗਿਆ ਸੀ। ਮਰਾਠੀ ਅਖਬਾਰਾਂ ਵਿਚ ਇਹ ਵੀ ਜ਼ਿਕਰ ਆਇਆ ਕਿ ਜਦੋਂ ਨੱਥੂਰਾਮ ਗੋਡਸੇ ਨੇ ਮਹਾਤਮਾ ਗਾਂਧੀ ਦੀ ਹੱਤਿਆ ਕੀਤੀ ਸੀ ਤਾਂ ਸਾਰੇ ਮਰਾਠੀ-ਲੋਕ ਇਹਦੇ ਜ਼ਿਮੇਵਾਰ ਨਹੀਂ ਠਹਿਰਾਏ ਜਾ ਸਕਦੇ ਸਨ, ਇਸੇ ਤਰ੍ਹਾਂ ਦੋ ਸਿਖਾਂ ਦੀ ਕੋਈ ਕਾਰਵਾਈ ਲਈ ਸਾਰੀ ਕਮਿਊਨਿਟੀ ਜ਼ਿਮੇਵਾਰ ਨਹੀਂ ਠਹਿਰਾਈ ਜਾ ਸਕਦੀ। ਬੰਬਈ ਦੀ ਅਖਬਾਰਾਂ 'ਚ ਸਿਖਾਂ ਪ੍ਰਤੀ ਹਮਦਰਦੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਵਾਲੇ ਦਿਨ ਵੀ ਵੇਖੀ ਗਈ ਜਦੋਂ ਗੁਰੂ ਨਾਨਕ ਦੇਵ ਜੀ ਦੇ ਅਮਨ ਸ਼ਾਂਤੀ ਧਰਮ

ਨਿਰਪੇਖਤਾ ਅਤੇ ਸਮਾਜਕ ਨਿਆਂ ਲਈ ਸੰਘਰਸ਼ ਦੇ ਸੁਨਿਹੇ ਨੂੰ ਬੜੀ ਉਘੀ ਥਾਂ ਦਿਤੀ ਗਈ। ਬਹੁਤ ਜ਼ੋਰ ਇਸ ਗੱਲ ਤੇ ਦਿਤਾ ਗਿਆ ਕਿ ਸਿਖ ਹਿੰਦੋਸਤਾਨੀ ਕੌਮ ਦਾ ਇਕ ਫ਼ਖ਼ਰਯੋਗ ਭਾਗ ਹਨ ਅਤੇ ਉਹਨਾਂ ਨਾਲ ਕਿਸੇ ਕਿਸਮ ਦਾ ਵਿਤਕਰਾ ਅਤੇ ਉਹਨਾਂ ਦਾ ਕਿਸੇ ਕਿਸਮ ਦਾ ਨੁਕਸਾਨ ਸਮੁੱਚੇ ਭਾਰਤ ਦੀ ਏਕਤਾ ਲਈ ਵਡਾ ਖਤਰਾ ਹਨ। ਕਾਂਗਰਸੀ ਲੀਡਰਾਂ ਦੀ ਜਿਨ੍ਹਾਂ ਦੀ ਰਹਿਨੁਮਾਈ ਵਿਚ ਗੁੰਡਿਆਂ ਨੇ ਦਿਲੀ ਤੇ ਦੇਸ਼ ਦੇ ਬਾਕੀ ਹਿੱਸਿਆਂ ਵਿਚ ਸਿਖਾਂ ਦੇ ਖਿਲਾਫ਼ ਗੁੰਡਾ ਕਾਰਵਾਈ ਕੀਤੀ ਗਈ, ਬੜੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਇਹ ਸਭ ਕੁਝ ਮੈਂ ਇਸ ਲਈ ਰੀਕਾਰਡ ਕਰ ਰਿਹਾ ਹਾਂ ਕਿ ਸਿਖ ਇਹ ਨਾ ਸਮਝਣ ਕਿ ਸਾਰੇ ਹਿੰਦੋ-ਸਤਾਨ ਵਿਚ ਉਹਨਾਂ ਦਾ ਕੋਈ ਦੋਸਤ ਨਹੀਂ। ਇੰਦਰਾ ਹਿੰਦੋਸਤਾਨ ਨਹੀਂ ਸੀ ਅਤੇ ਨਾਂ ਹੀ ਉਹਦੀ ਕਾਂਗਰਸ ਹਿੰਦੋਸਤਾਨ ਹੈ। ਸਾਨੂੰ ਦੁਸ਼ਮਣ ਅਤੇ ਦੋਸਤ ਦੀ ਪਹਿਚਾਣ ਹੋਣੀ ਚਾਹੀਦੀ ਹੈ। ਇਹ ਸਪੱਸ਼ਟ ਹੈ ਕਿ ਜਗਜੀਤ ਸਿੰਘ ਚੌਹਾਨ ਅਤੇ ਉਹਦੇ ਖਾਲਿਸਤਾਨੀ ਹਮੈਤੀ ਸਾਡੇ ਦੋਸਤ ਨਹੀਂ ਹਨ।

ਨਾਟਕ ਮੇਲੇ ਦੇ ਖੁਲ੍ਹੇ ਪ੍ਰੋਗਰਾਮ ਤਾਂ ਸਾਰੇ ਕੈਂਸਲ ਹੋ ਗਏ, ਪਰ ਬਾਹਰੋਂ ਗਏ ਕਲਾਕਾਰਾਂ ਨੇ ਅਤੇ ਬੰਬਈ ਦੇ ਨਾਟਕ ਕਲਾਕਾਰਾਂ ਨੇ ਆਪਸ ਵਿਚ ਮਿਲ ਕੇ ਛੋਟੇ ਛੋਟੇ ਹਾਲਾਂ ਵਿਚ ਇਕ ਦੂਜੇ ਨੂੰ ਪ੍ਰੋਗਰਾਮ ਵਿਖਾਏ ਤਾਂ ਜੋ ਇਕ ਦੂਜੇ ਦੇ ਤਜਰਬੇ ਸਾਂਝੇ ਕੀਤੇ ਜਾ ਸਕਨ। ਇਹ ਨਾਟਕ ਮੇਲੇ ਦੇ ਮੰਤਵਾਂ ਵਿਚੋਂ ਇਕ ਵਡਾ ਮੰਤਵ ਸੀ। ਸਾਡੇ ਗਰੁਪ ਜਗਮੋਹਣ ਜੋਸ਼ੀ ਦੇ ਗੀਤ 'ਐ ਲਾਲ ਫ਼ਰੇਰੇ ਤੇਰੀ ਕਸਮ ਇਸ ਖ਼ੂਨ ਦਾ ਬਦਲਾ ਹਮ ਲੇਂਗੇ', 'ਦਿੱਲੀ ਦੂਰ ਨਹੀਂ ਯਾਰੋ' ਅਤੇ 'ਹਰ ਦਿਲ ਮੇਂ ਬਗ਼ਾਵਤ ਕੇ ਸ਼ੋਅਲੇਂ ਕੋ ਜਲਾ ਦੇਂਗੇ, ਹਮ ਜੰਗੇ ਅਵਾਮੀ ਸੇ ਕੁਹਰਾਮ ਮਚਾ ਦੇਂਗੇ, ਬਹੁਤ ਹੀ ਪਸੰਦ ਕੀਤੇ ਗਏ ਅਤੇ ਨਾਟਕ 'ਸਾਧਾਰਨ ਲੋਕ' ਜੋ ਸਾਧਾਰਨ ਹਿੰਦੂ ਸਿਖਾਂ ਦੀ ਕਹਾਣੀ ਹੈ, ਨੇ ਬੰਬਈ ਦੇ ਪ੍ਰੈਸ ਦਾ ਖਾਸ ਧਿਆਨ ਖਿਚਿਆ। ਬੰਬਈ ਦੇ ਇਪਟਾ ਵਲੋਂ ਖੇਡਿਆ ਗਿਆ ਨਾਟਕ 'ਲੋਕ ਕਥਾ' ਆਪਣੇ ਆਪ ਇਕ ਵੱਡੀ ਪ੍ਰਾਪਤੀ ਸੀ। ਮਰਾਠੀ ਸਟੇਜ ਦੇ ਪ੍ਰਸਿਧ ਲੇਖਕ ਰਤਨਾਕਾਰ ਮਤਕਰੀ ਦਾ ਲਿਖਿਆ ਹੋਇਆ ਇਹ ਨਾਟਕ ਰਮੇਸ਼ ਤਲਵਾਰ ਦੀ ਨਿਰਦੇਸ਼ਨਾਂ ਵਿਚ ਤਿਆਰ ਕੀਤਾ ਗਿਆ ਸੀ। ਜ਼ੁਲਮ ਅਤੇ ਜਬਰ ਦੇ ਵਿਰੁਧ ਲੋਕ ਸੰਘਰਸ਼ ਦੀ ਇਹ ਲੋਕ ਕਥਾ ਲੋਕ ਸ਼ੈਲੀ ਵਿਚ ਪੇਸ਼ ਕੀਤੀ ਗਈ ਸੀ। ਮੈਨੂੰ ਇਹ ਫ਼ਖ਼ਰ ਮਹਿਸੂਸ ਹੋਇਆ ਕਿ ਇਪਟਾ ਨੇ ਜਿਸ ਨਾਲ ਮੈਂ ਪਹਿਲੇ ਸਾਲਾਂ ਵਿਚ ਸਬੰਧਤ ਰਿਹਾ ਹਾਂ, ਆਪਣੀਆਂ ਰਵਾਇਤਾਂ ਨੂੰ ਸੁਰਜੀਤ ਰਖਿਆ। ਪ੍ਰਸਿਧ ਸਟੇਜ ਡਾਇਰੈਕਟਰ ਜੈਦੇਵ ਹਰਤੰਗਦੀ ਦੀ ਨਿਰਦੇਸ਼ਨਾ ਵਿਚ ਤਿਆਰ ਕੀਤਾ ਗਿਆ ਨਾਟਕ 'ਪੋਸਟਰ' ਹੋਰ ਵਧੀਆ ਪੇਸ਼ਕਸ਼ ਸੀ। ਇਸ ਵਿਚ ਜੰਗਲਾਂ ਵਿਚ ਕੰਮ ਕਰ ਰਹੇ ਆਦੀ ਵਾਸੀ ਮਜ਼ਦੂਰਾਂ ਦੀ ਕਹਾਣੀ ਸੀ ਕਿ ਉਨ੍ਹਾਂ ਵਿਚ ਟਰੇਡ ਯੂਨੀਅਨ ਜਾਗ੍ਰਿਤੀ ਕਿਸ ਤਰ੍ਹਾਂ ਆਂਦੀ ਹੈ। ਬੜੇ ਹੀ ਦਿਲਚਸਪ ਢੰਗ ਨਾਲ ਨਾਟਕੀ ਸਥਿਤੀਆਂ ਵਿਚ ਇਹ ਸਭ ਕੁਝ ਦਸਿਆ ਗਿਆ। ਦਿੱਲੀ ਦੇ ਨਿਸ਼ਾਂਤ ਗਰੁਪ ਵਲੋਂ 'ਤਮਾਸ਼ਾ' ਅਤੇ 'ਟੋਆ' ਬੜੇ ਪ੍ਰਭਾਵਸ਼ਾਲੀ ਸਨ। ਦਿੱਲੀ ਥੀਏਟਰ ਯੂਨੀਅਨ ਨੇ 'ਆਲ੍ਹਾ ਅਫਸਰ' (ਨੌਕਰਸ਼ਾਹੀ ਦੀ ਭ੍ਰਿਸ਼ਟਾਚਾਰੀ ਵਤੀਰੇ ਬਾਰੇ) ਤੇ ਦਾਜ ਦੇ ਲਾਲਚੀਆਂ ਦੇ ਹੱਥੋਂ ਕੁੜੀਆਂ ਦੇ ਸਾੜੇ ਜਾਣ ਬਾਰੇ ਨਾਟਕ 'ਓਮ ਸੁਆਹ' ਬੜੇ ਵਧੀਆ ਤਰੀਕੇ ਨਾਲ ਪੇਸ਼ ਕੀਤੇ। ਨਵ-ਨਿਰਮਾਨ ਵਲੋਂ ਖੇਡਿਆ ਗਿਆ ਨਾਟਕ 'ਦੰਗਾ' ਜੋ ਫਿਰਕੂ ਫ਼ਸਾਦਾਂ ਬਾਰੇ ਸੀ, ਇਕ ਹੋਰ ਪ੍ਰਭਾਵਸ਼ਾਲੀ ਪੇਸ਼ਕਸ਼ ਸੀ। ਲੋਕ ਨਾਟਕ ਦੀ ਸ਼ੈਲੀ ਵਿਚ ਛਿੰਦਵਾੜਾ ਦੇ ਗਰੁਪ ਵਲੋਂ ਨਾਟਕ 'ਮੀਆਂ ਦੀ ਜੂਤੀ' ਅਪਣੀ ਸਾਦਗੀ ਕਰਕੇ ਸਾਡਾ ਧਿਆਨ ਖਿਚਦਾ ਸੀ। ਬੰਬਈ ਦੇ 'ਅਵਾਹਾਨ' ਗਰੁਪ ਵਲੋਂ ਪੇਸ਼ ਕੀਤੇ ਐਕਸ਼ਨ ਗੀਤ ਵੀ ਇਸ ਨਾਟਕ ਮੇਲੇ ਦੀ ਸ਼ਾਨ ਬਣੇ। ਕੁਲਦੀਪ ਸਿੰਘ ਜੋ ਇਪਟਾ ਦੇ ਸੰਗੀਤ ਨਿਰਦੇਸ਼ਕ ਹਨ ਤੇ ਜਿਨ੍ਹਾਂ ਨੇ ਕਈ ਵਡੀਆਂ ਫ਼ਿਲਮਾਂ ਵਿਚ ਵੀ ਸੰਗੀਤ ਦਿਤਾ ਹੈ, ਉਹਨਾਂ ਨੇ ਪੰਜਾਬ ਦੇ ਕਲਾਕਾਰਾਂ ਨਾਲ ਰੱਲਕੇ ਫੈਜ਼ ਅਹਿਮਦ ਫੈਜ ਦਾ ਇਕ ਗੀਤ ਪੇਸ਼ ਕੀਤਾ 'ਹਮ ਮੇਹਨਤਕਸ਼ ਲੋਕ ਜਬ ਜੱਗ ਸੇ ਹਿੱਸਾ ਮਾਂਗੇਂਗੇ ਇਕ ਖੇਤ ਨਹੀਂ, ਇਕ ਦੇਸ਼ ਨਹੀ, ਸਾਰੀ ਦੁਨੀਆਂ ਮਾਂਗੇਂਗੇ', ਇਸ ਨਾਟਕ ਮੇਲੇ ਦੀ ਸਾਰੀ ਰੂਹ ਨੂੰ ਪੇਸ਼ ਕਰਦਾ ਸੀ।

ਇਸ ਨਾਟਕ ਮੇਲੇ ਵਿਚ ਹਿੱਸਾ ਲੈ ਕੇ ਮਹਿਸੂਸ ਹੋਇਆ ਕਿ ਦੁਨੀਆਂ ਭਰਦੇ ਮੇਹਨਤਕਸ਼ ਲੋਕਾਂ ਦੇ ਦਿਲਾਂ ਦੀ ਧੜਕਣ ਕਿਸਤਰ੍ਹਾਂ ਸਾਂਝੀ ਚਲਦੀ ਹੈ। ਦੇਸ਼ ਵਿਚ ਏਨੀ ਵਡੀ ਘਟਨਾ ਵਾਪਰ ਗਈ, ਦੇਸ਼ ਭਰ ਵਿਚ ਸਿਖਾਂ ਵਿਰੁਧ ਇਹ ਨਫ਼ਰਤ ਭਰਿਆ ਜ਼ਹਿਰ ਵੀ ਫੈਲਾਇਆ ਗਿਆ। ਪਰ ਅਵਾਮੀ ਕਲਾਕਾਰ ਇਸ ਨਫ਼ਰਤ ਤੋਂ ਦੂਰ ਅਪਣੀ ਏਕਤਾ ਨਾਲ ਇਹ ਨਵੀਂ ਦੁਨੀਯਾ ਇਕ ਉੱਜਲੇ ਭਵਿੱਖ ਲਈ ਸੰਘਰਸ਼ ਕਰਨ ਲਈ ਵਚਣਬੱਧ ਸਨ।



ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਤ ਕੀਤਾ।

ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

# ਪੰਜਾਬ ਦਾ ਅਜੋਕਾ ਦੁਖਾਂਤ—ਲੀਡਰਸ਼ਿਪ ਦਾ ਸੰਕਟ

—ਗੁਰਚਰਨ ਰਾਮਪੁਰੀ, ਵੈਨਕੂਵਰ (ਕੈਨੇਡਾ)

ਕੈਨੇਡਾ ਨਿਵਾਸੀ ਗੁਰਚਰਨ ਰਾਮਪੁਰੀ, ਜਿਨ੍ਹਾਂ ਦਾ ਪਿਛਲਾ ਪਿੰਡ ਪੰਜਾਬੀ ਸਾਹਿਤਕ ਹਲਕਿਆਂ ਵਿਚ ਜਾਣਿਆ ਪ੍ਰਸਿਧ ਪਿੰਡ ਰਾਮਪੁਰ ਹੈ, ਪੰਜਾਬੀ ਦੇ ਸਿਰਕੱਢ ਕਵੀ ਹਨ। ਪਿਛਲੇ 33 ਸਾਲ ਤੋਂ ਪੰਜਾਬੀ ਕਵਿਤਾ ਵਿਚ ਉਹਨਾਂ ਦੀ ਨਾਂ ਭੁਲਣ ਵਾਲੀ ਦੇਣ ਹੈ। ਪਿਛਲੇ ਸਾਲ ਭਾਸ਼ਾ ਵਿਭਾਗ ਪੰਜਾਬ ਨੇ ਉਹਨਾਂ ਨੂੰ ਸ਼ਰੋਮਣੀ ਸਾਹਿਤਕਾਰ ਦੇ ਤੌਰ ਤੇ ਸਨਮਾਨਿਆ। ਕੁਝ ਦਿਨ ਹੋਏ ਅਖਬਾਰਾਂ ਵਿਚ ਖਬਰ ਆਈ ਕਿ ਖਾਲਿਸਤਾਨ ਦੇ ਹਾਮੀਆਂ ਵਲੋਂ ਇਕ ਪ੍ਰਸਿਧ ਪੰਜਾਬੀ ਕਵੀ ਤੇ ਮਾਰੂ ਹਮਲਾ ਕੀਤਾ ਗਿਆ। ਉਹ ਹੁਣ ਹਸਪਤਾਲ ਵਿਚ ਹਨ। ਗੁਰਚਰਨ ਰਾਮਪੁਰੀ ਆਪਣੀ ਤਰਕਸ਼ੀਲ ਅਤੇ ਨਿਰਪੱਖ ਸੋਚ ਕਰਕੇ ਕੈਨੇਡਾ ਵਿਚ ਵੱਸਦੇ ਭਾਰਤੀਆਂ ਵਿਚ ਬੜੇ ਚੰਗੀ ਤਰ੍ਹਾਂ ਜਾਣੇ ਜਾਂਦੇ ਹਨ। ਉਹਨਾਂ ਉਤੇ ਹੋਏ ਕਾਇਰਾਨਾ ਹਮਲੇ ਦੀ ਖਬਰ ਸੁਣ ਕੇ ਉਥੋਂ ਦੇ ਜਮਹੂਰੀ ਹਲਕਿਆਂ ਵਿਚ ਇਕ ਗੁਸੇ ਅਤੇ ਰੋਸ ਦੀ ਲਹਿਰ ਦੌੜ ਗਈ। ਈਪਾਨਾ ਵਲੋਂ ਹਰਿੰਦਰ ਮਾਹਲ, ਫਾਰਮ ਵਰਕਰਜ਼ ਯੂਨੀਅਨ ਵਲੋਂ ਰਾਜ ਚੌਹਾਨ ਅਤੇ ਨਸਲੀ ਵਿਤਕਰੇ ਵਿਰੁਧ ਸੰਘਰਸ਼ ਕਮੇਟੀ ਦੇ ਸਕੱਤ੍ਰ ਚਰਨ ਗਿਲ ਨੇ ਇਸ ਮਾਮਲੇ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕੀਤੀ। ਫਿਰਕੂ ਸਦਭਾਵਨਾ ਦੇ ਫੋਰਮ (FORUM FOR COMMUNAL HARMONY) ਨੇ ਖ਼ਾਲਿਸਤਾਨ ਦੇ ਹਾਮੀਆਂ ਦੀਆਂ ਧਮਕੀਆਂ ਦੀ ਪ੍ਰਵਾਹ ਨਾ ਕਰਦੇ ਹੋਏ, ਇਕ ਵੱਡਾ ਇਕੱਠ ਇਸ ਹਮਲੇ ਵਿਰੁਧ ਰੋਸ ਪ੍ਰਗਟ ਕਰਨ ਲਈ ਕੀਤਾ। ਗੁਰਚਰਨ ਰਾਮਪੁਰੀ ਕੱਟੜ ਪੰਥੀਆਂ ਦੇ ਗੁਸੇ ਦਾ ਕਿਉਂ ਨਿਸ਼ਾਨਾ ਬਣੇ ? ਇਹ ਉਹਨਾਂ ਦਾ ਇਕ ਲੇਖ ਸੀ ਜੋ ਕੈਨੇਡਾ ਦੀ ਪੰਜਾਬੀ ਅਖਬਾਰ 'ਕੈਨੇਡਾ ਦਰਪਣ' ਦੇ 1-15 ਅਕਤੂਬਰ 1984 ਦੇ ਅੰਕ ਵਿਚ ਛਪਿਆ ਸੀ। ਇਹ ਲੇਖ ਪੰਜਾਬ ਅਤੇ ਖਾਸ ਕਰਕੇ ਸਿਖ ਸਿਆਸਤ ਬਾਰੇ ਇਕ ਸੋਚ ਉਕਸਾਊ ਰੀਵੀਊ ਹੈ। ਇਸ ਲੇਖ ਨੂੰ 'ਕੈਨੇਡਾ ਦਰਪਣ' ਤੋਂ ਧੰਨਵਾਦ ਸਾਹਿਤ ਸਮਤਾ ਦੇ ਪਾਠਕਾਂ ਲਈ ਦੇ ਰਹੇ ਹਾਂ।

—ਸੰਪਾਦਕ

ਗਿਆਨ ਦੇ ਭੰਡਾਰ ਤੋਂ ਅਗਿਆਨ ਤੱਕ ਪਹੁੰਚੇ ਅਸੀਂ
ਇਸੇ ਲਈ 'ਨੰਦ ਲਾਲ' ਅੱਜ ਦਰਬਾਰ ਵਿਚ ਸਜਿਆ ਨਹੀਂ
ਸੜਕ ਦੀ ਹਿੱਕ ਤੇ ਪਿਆ ਹੈ ਤੜਪਦਾ।

ਕਲਮ ਦੀ ਗਰਦਨ ਤੇ ਰੱਖੀ ਹੈ ਜਿੰਨੇ ਕਾਇਰ ਕਟਾਰ,
ਉਸ ਦਾ ਕੀ ਵਾਸਤਾ ਦਸਮੰਸ਼ ਜਾਂ ਨਾਨਕ ਦੇ ਨਾਲ।

ਹੁਣ ਦੇ ਔਰੰਗਜ਼ੇਬ ਦਾ ਹੀ ਦਾਸ ਹੋ ਸਕਦਾ ਹੈ ਉਹ।

ਸ਼ਬਦ ਬਾਰੂਦੀ ਕੋਈ ਬੁਰਕਾ ਨਹੀਂ
ਬੇਗੁਨਾਹ ਡੁੱਲ੍ਹੇ ਲਹੂ ਨੂੰ ਇਹ ਲਕੋ ਸਕਦੇ ਨਹੀਂ
ਅੱਖ ਲੋਕਾਂ ਦੀ ਅਮਲ ਹੈ ਦੇਖਦੀ।

## ਗੁਰਦੁਆਰਾ ਲਹਿਰ ਅਤੇ ਅਜੋਕੀ ਹਾਲਤ

ਵੀਹਵੀ ਸਦੀ ਦੇ ਤੀਜੇ ਦਹਾਕੇ ਵਿਚ ਧਰਮ-ਅਸਥਾਨਾਂ ਦੀ ਆਜ਼ਾਦੀ ਲਈ ਚੱਲੀ ਸ਼ਾਨਦਾਰ ਗੁਰਦੁਆਰਾ ਸੁਧਾਰ ਲਹਿਰ ਦੀਆਂ ਬੇਮਿਸਾਲ ਜਿੱਤਾਂ ਹੋਈਆਂ। ਲੋਕਾਂ ਦੀਆਂ ਬੇਸ਼ੁਮਾਰ ਕੁਰਬਾਨੀਆਂ ਦੇ ਨਤੀਜੇ ਵਜੋਂ ਗੁਰਦੁਆਰੇ ਬਦਇਖਲਾਕ-ਸਰਕਾਰੀਏ-ਮਹੰਤਾਂ ਦੇ ਹੱਥੋਂ ਨਿਕਲਕੇ ਸਿੱਖ ਪੰਥ ਦੀ ਚੁਣੀ ਹੋਈ ਜਥੇਬੰਦੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆ ਗਏ। ਸ਼ਾਂਤਮਈ ਲੋਕ-ਸੰਗਰਾਮ ਦੀ ਇਸ ਜਿੱਤ ਨੇ ਅੰਗਰੇਜ਼ੀ ਸਾਮਰਾਜ ਨੂੰ ਇਕ ਵੱਡਾ ਝਟਕਾ ਦਿਤਾ ਸੀ। ਪਰ ਗੁਰਦੁਆਰਾ ਲਹਿਰ ਤੋਂ ਪਿੱਛੋਂ ਦੇ ਪੰਜਾਬ ਦੀ ਸਿਆਸਤ, ਵਜ਼ੀਰੀ ਕੁਰਸੀਆਂ ਲਈ ਹੋਏ, ਸ਼ਰਮਨਾਕ ਸਮਝੌਤਿਆਂ ਦੀ ਇਕ ਲੜੀ ਹੈ ਜਾਂ ਫਿਰਕਾ-ਪ੍ਰਸਤ ਲੀਡਰਾਂ ਵਿਚ ਦੂਰ-ਅੰਦੇਸ਼ੀ ਦੀ ਘਾਟ ਦੀ ਕਹਾਣੀ। ਜੋ ਆਪਣੇ ਕੀਤੇ ਫੈਸਲਿਆਂ ਦੇ ਭਵਿੱਖ ਵਿਚ ਪੈਣ ਵਾਲੇ ਅਸਰ ਦਾ ਅਨੁਮਾਨ ਅੱਜ ਨਹੀਂ ਲਾ ਸਕਦੀ, ਉਹ ਲੀਡਰਸ਼ਿਪ ਕਾਹਦੀ ? ਪੰਜਾਬ ਦੇ ਅਜੋਕੇ ਘੋਰ-ਦੁਖਾਂਤ ਸਮੇਂ ਇਸ ਨਾਲ ਨੇੜਲੇ-ਇਤਿਹਾਸ ਉਤੇ ਸਾਨੂੰ ਪਿਛਲ-ਝਾਤ ਮਾਰਨੀ ਹੀ ਚਾਹੀਦੀ ਹੈ।

ਗੁਰਦੁਆਰਾ ਪ੍ਰਬੰਧ ਸ਼ਰੋਮਣੀ ਕਮੇਟੀ ਕੋਲ ਆਉਣ ਤੋਂ ਪਿਛੋਂ ਇਕ ਡੇਢ ਦਹਾਕੇ ਵਿਚ ਹੀ ਗੱਲ ਸਾਮਰਾਜ-ਵਿਰੋਧ ਤੋਂ ਹਟ ਕੇ ਅੰਗਰੇਜ਼ ਸ਼ਹਿਨਸ਼ਾਹ ਜਾਰਜ ਪੰਜਮ ਦੀ ਸੇਹਤਯਾਬੀ ਦੀਆਂ ਅਰਦਾਸਾਂ ਉਤੇ ਅੱਪੜ ਗਈ। ਇਕ ਪਾਸੇ ਕੁਰਸੀ-ਬਾਜ਼ ਸਿੱਖ ਜਗੀਰ-ਦਾਰ ਵਜ਼ੀਰੀ ਦੀਆਂ ਕੁਰਸੀਆਂ ਮੱਲ ਕੇ ਬੈਠ ਗਏ, ਦੂਜੇ ਪਾਸੇ ਹਿੰਦੂ, ਮੁਸਲਮਾਨ ਫਿਰਕਾਪ੍ਰਸਤ ਲੀਡਰਾਂ ਅਤੇ ਅਖਬਾਰਾਂ ਵਾਲਿਆਂ ਦੇ ਲਾਣੇ ਨੇ ਫ਼ਿਰਕੂ-ਜ਼ਹਿਰ ਰੱਜ ਕੇ ਫੈਲਾਇਆ। ਮੁਸਲਿਮ-ਲੀਗ ਅਤੇ ਕਾਂਗਰਸ ਦੀ ਘਾਗ ਲੀਡਰਸ਼ਿਪ ਦੇ ਮੁਕਾਬਲੇ ਉਤੇ ਸਿੱਖ ਲੀਡਰਸ਼ਿਪ ਦੀ

ਪਿਆਰੇ ਵੀਰ ਜੀ,

ਪਿਆਰ ਭਰੀ ਸਤਿ ਸ੍ਰੀ ਅਕਾਲ ।

ਅਜੇ ਭਿੰਡਰਾਂਵਾਲੇ ਅਤੇ ਦਰਬਾਰ ਸਾਹਿਬ ਦੀ ਤਬਾਹੀ ਤੋਂ ਪੈਦਾ ਹੋਏ ਪ੍ਰਤੀਕਰਮ ਮੱਠੇ ਨਹੀਂ ਸਨ ਹੋਏ ਕਿ ਇਹ ਹੋਰ ਮੁਸੀਬਤ ਖੜੀ ਹੋ ਗਈ। ਇੰਦਰਾ ਦੀ ਮੌਤ ਨਾਲ ਤਾਂ ਸਾਰਾ ਕੁਝ ਹੀ ਢਹਿ ਢੇਰੀ ਹੋ ਜਾਵਗਾ। ਫਿਰਕਾ ਪ੍ਰਸਤਾਂ ਦੀ ਅਤੇ ਜਾਬਰਾਂ ਦੀ ਹੋਰ ਚੜ੍ਹ ਮਚੇਗੀ। ਇੰਦਰਾ ਦੀ ਮੌਤ ਦਾ ਬਹਾਨਾ ਬਣਾ ਕੇ ਕਿੰਨੇ ਹੀ ਮਾਸੂਮ ਬੰਦੇ ਮਾਰੇ ਜਾਣਗੇ। ਏਥੋਂ ਦੇ ਖਾਲਿਸਤਾਨੀ ਖੁਸ਼ ਹੋ ਰਹੇ ਹਨ ਇੰਦਰਾ ਦੀ ਮੌਤ ਤੇ, ਪਰ ਜੋ 800 ਬੰਦੇ (ਅਖ਼ਬਾਰ ਦੀ ਰਿਪੋਰਟ) ਮਾਰੇ ਗਏ ਅਤੇ ਹੋਰ ਨੁਕਸਾਨ ਹੋਇਆ ਹੈ ਉਸਨੂੰ ਵੇਖ ਕੇ ਤਾਂ ਰੋਣ ਆਉਂਦਾ ਹੈ ਅਤੇ ਇਹ ਮੂਰਖ ਖੁਸ਼ ਹੋ ਰਹੇ ਹਨ, ਲਡੂ ਵੰਡ ਰਹੇ ਹਨ (ਇੰਗਲੈਂਡ ਵਿਚ) ਪਤਾ ਨਹੀਂ ਕੀ ਬਣੇਗਾ ਮੁਲਕ ਦਾ ? ਪਿਛਾਕੜ ਦੀਆਂ ਤਾਕਤਾਂ ਭਾਰੂ ਹੁੰਦੀਆਂ ਜਾ ਰਹੀਆਂ ਹਨ ਅਤੇ ਅਗਾਂਹ ਵਧੂ ਤਾਕਤਾਂ ਖੇਰੂੰ ਖੇਰੂ ਹੋਈਆਂ ਇਕ ਦੂਜੇ ਦੀ ਨੁਕਤਾ-ਚੀਨੀ ਵਿਚ ਹੀ ਇਨਕਲਾਬ ਦੀ ਸੇਵਾ ਕਰਦੀਆਂ ਲਗਦੀਆਂ ਹਨ। —ਅਮਰਜੀਤ ਸਿੰਘ ਵਿਨੀਪੈਗੋ

ਸਿਆਣਪ ਅਤੇ ਦੂਰ-ਅੰਦੇਸ਼ੀ ਬਾਰ ਕੁਝ ਨਾ ਕਿਹਾ ਜਾਏ ਤਾਂ ਚੰਗਾ ਹੈ।

### ਭਾਰਤ ਦੀ ਵੰਡ ਅਤੇ ਪੰਜਾਬ

ਸਾਮਰਾਜੀ ਸਾਜ਼ਿਸ਼ ਦੇ ਅਧੀਨ 1947 ਵਿਚ ਪੰਜਾਬ ਦੀ ਹਿੱਕ ਤੇ ਖੂਨੀ ਲਕੀਰ ਵਾਹੀ ਗਈ। ਉਸ ਨਾਲ ਦੋਹੀਂ ਪਾਸੀਂ ਲੱਖਾਂ ਮਸੂਮ ਲੋਕਾਂ ਦਾ ਉਜਾੜਾ ਹੋਇਆ ਅਤੇ ਅਣਗਿਣਤ ਲੋਕ ਕਤਲ ਹੋ ਗਏ। ਲੱਖਾਂ ਪੰਜਾਬੀਆਂ ਨੇ ਜ਼ਿੰਦਗੀ ਮੁੜ ਕੇ ਸਿਫਰ ਤੋਂ ਸ਼ੁਰੂ ਕੀਤੀ ਅਤੇ ਉਹ ਵੀਹ ਕੁ ਸਾਲਾਂ ਵਿਚ ਹੀ ਸਾਰੇ ਹਿੰਦੁਸਤਾਨ ਉਤੇ ਛਾ ਗਏ। ਦਿੱਲੀ ਤੋਂ ਦੱਖਣ ਤੱਕ ਬੰਗਾਲ ਤੋਂ ਬੰਬਈ ਤੱਕ। ਇਹ ਕ੍ਰਿਸ਼ਮਾ ਪੰਜਾਬੀ ਤਾ ਕਰ ਸਕੇ; ਕਿਉਂਕਿ ਵੇਦਾਂ ਦੇ ਰਚਣਹਾਰਿਆਂ ਦੇ ਵਾਰਸ ਕੁਝ ਲੜਾਈਆਂ ਹਾਰ ਕੇ ਵੀ ਜੀਵਨ ਦੀ ਜੰਗ ਜਿੱਤਣਾ ਸਿੱਖੇ ਹੋਏ ਹਨ। ਇਸ ਭਾਈਚਾਰੇ ਨੂੰ ਗੁਰੂ ਨਾਨਕ ਦੇਵ ਜੀ ਨੇ ਵਿਚਾਰ ਦਾ ਚਾਨਣ ਦਿੱਤਾ, ਗੁਰੂ ਅਰਜਨ ਦੇਵ ਨੇ ਸਾਰੇ ਭਾਰਤ ਦੇ ਸ਼ਬਦ-ਸਾਗਰ 'ਚੋਂ ਕੱਢਿਆ ਤੱਤ ਗਿਆਨ ਬਖਸ਼ਿਆ, ਗੁਰੂ ਤੇਗ ਬਹਾਦਰ ਨੇ ਮਜ਼ਲੂਮ ਦੀ ਰੱਖਿਆ ਲਈ ਸ਼ਹਾਦਤ ਦਾ ਸਬਕ ਦਿਤਾ। ਗੁਰੂ ਗੋਬਿੰਦ ਸਿੰਘ ਨੇ ਜਬਰ ਜ਼ੁਲਮ ਦਾ ਜਥੇਬੰਦ ਟਾਕਰਾ ਕਰਨ ਦਾ ਸਾਹਸ ਦਿਤਾ ਅਤੇ ਦੁਖ ਦੀ ਸਿਖਰ ਉੱਤੇ ਵੀ ਚੜ੍ਹਦੀ ਕਲਾ 'ਚ ਰਹਿਣ ਦੀ ਜਾਚ ਸਿਖਾਈ।

ਇਹ ਭਾਈਚਾਰਾ ਹਜ਼ਾਰਾਂ ਵਰ੍ਹਿਆਂ ਤੋਂ ਬਦੇਸ਼ੀ ਹਮਲਾਆਵਰਾਂ ਨਾਲ ਲੋਹਾ ਲੈਂਦਾ ਆ ਰਿਹਾ ਹੈ। ਇਨ੍ਹਾਂ ਗੁਣਾਂ ਕਰਕੇ ਲੋਕਾਂ ਵਿਚ ਸੱਚ, ਵਿਸ਼ਵਾਸ ਅਤੇ ਸਿਦਕ ਲਈ ਕੁਰਬਾਨੀ ਕਰਨ ਦਾ ਅਥਾਹ ਜਜ਼ਬਾ ਹੈ। ਇਸ ਦੇ ਸਬੂਤ ਇਤਿਹਾਸ ਨੇ ਵਾਰ ਵਾਰ ਦਿੱਤੇ ਹਨ । ਭਾਰਤੀ ਸੁਤੰਤਰਤਾ ਸੰਗਰਾਮ ਵਿਚ, ਗਦਰ ਲਹਿਰ ਵਿਚ, ਅਕਾਲੀ ਮੋਰਚਿਆਂ ਵੇਲੇ, ਕਿਸਾਨ ਲਹਿਰ ਵਿਚ, ਐਮਰਜੈਂਸੀ ਵੇਲੇ ਅਤੇ ਹੁਣ ਸੂਬਿਆਂ ਦੇ ਵੱਧ ਅਧਿਕਾਰਾਂ ਦੇ ਸੰਗਰਾਮ ਵਿਚ ਪਰ ਲੀਡਰਾਂ ਦੀ ਮੇਹਰਬਾਨੀ ਦਾ ਸਦਕਾ ਫੌਜਾਂ ਬਹੁਤੀ ਵਾਰ ਜਿੱਤ ਕੇ ਵੀ ਹਾਰ ਜਾਂਦੀਆਂ ਹਨ। ਇਸ ਕਰਕੇ ਪੰਜਾਬ ਦੇ ਦੁਖਾਂਤ ਦਾ ਕਾਰਨ ਲੀਡਰਸ਼ਿਪ ਅਤੇ ਹਾਕਮਾਂ ਦੀ ਸਿਆਸੀ ਸਿਆਣਪ ਅਤੇ ਈਮਾਨਦਾਰੀ ਦਾ ਸੰਕਟ ਹੈ।

ਪੰਜਾਬ ਦਾ ਅਜੋਕਾ ਇਤਿਹਾਸ ਬਹੁਤ ਹੱਦ ਤਕ ਸਿੱਖ-ਲਹਿਰਾਂ ਦਾ ਇਤਿਹਾਸ ਹੋ ਨਿਬੜਿਆ ਹੈ । ਖੱਬੀਆਂ ਗੈਰ-ਫਿਰਕੂ ਸਿਆਸੀ ਪਾਰਟੀਆਂ ਦੀ ਫੁੱਟ ਅਤੇ ਬੇਅਮਲ ਸਿੱਥਲਤਾ ਨੇ ਇਹ ਗੱਲ ਹੋਰ ਵੀ ਸੱਚੀ ਕਰ ਦਿਤੀ ਹੈ।

ਗੁਰਦੁਆਰਾ ਲਹਿਰ ਦੀਆਂ ਜਿੱਤਾਂ ਨੂੰ ਵਰਤ ਕੇ ਜਿਨ੍ਹਾਂ ਸਰਕਾਰ ਪ੍ਰਸਤ ਜਾਗੀਰਦਾਰ ਟੱਬਰਾਂ ਨੇ 'ਸਰ', 'ਰਾਏ ਸਾਹਿਬ' ਦੇ ਖਿਤਾਬ ਝੋਲੀਆਂ ਅੱਡ ਕੇ ਪੁਆਏ ਅਤੇ ਵਜ਼ੀਰੀਆਂ ਲਈਆਂ ਸਨ, ਉਹ ਅੰਗਰੇਜ਼ੀ ਸਰਕਾਰ ਦੇ ਭਾਰਤ ਛੱਡਦੇ ਸਾਰ ਰਾਤੋ ਰਾਤ ਕਾਂਗਰਸੀ ਬਣ ਗਏ। ਇਸ ਲਈ ਵਜ਼ੀਰੀਆਂ ਫਿਰ ਉਨ੍ਹਾਂ ਟੱਬਰਾਂ ਦੇ ਹੱਥ ਰਹੀਆਂ । ਅੱਜ ਵੀ ਅਕਾਲੀ ਅਤੇ ਕਾਂਗਰਸੀ ਲੀਡਰਾਂ ਵਿਚ ਉਨ੍ਹਾਂ ਟੱਬਰਾਂ ਦਾ ਹੀ ਨਾਂ ਬੋਲਦਾ ਹੈ।

'ਧਰਮ ਖਤਰੇ ਵਿਚ' ਦਾ ਨਾਅਰਾ ਮੌਕਾ-ਤਾੜੂ ਮੋਹਰੀਆਂ ਲਈ ਬੜਾ ਕੰਮ ਆਉਣ ਵਾਲਾ ਸਦਾ-ਬਹਾਰ ਹਥਿਆਰ ਹੈ। ਪੰਜਾਬ ਵਿਚ ਇਹ ਨਾਅਰਾ ਲਾ ਕੇ ਅਕਾਲੀ ਪਾਰਟੀ ਨੇ ਕਈ ਵਾਰ ਵਜ਼ੀਰੀਆਂ ਅਤੇ ਸਪੀਕਰੀ ਲੈਣ ਲਈ ਸਿਆਸੀ-ਸਮਝੌਤੇ ਕੀਤੇ, ਕਦੀ ਉਹ ਕਾਂਗਰਸੀ ਬਣੇ, ਕਦੇ ਮੁੜ ਕੇ ਅਕਾਲੀ—ਪਰ ਲੋਕਾਂ ਦੇ ਹਿੱਤਾਂ ਦਾ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਜਦੋਂ ਕਦੇ ਵੀ ਅਕਾਲੀ ਤਾਕਤ ਵਿਚ ਆਏ, ਉਹ ਵੀ ਕਾਂਗਰਸੀਆਂ ਵਾਂਗ, ਆਪਣੇ ਨਿੱਜੀ, ਜਮਾਤ ਜਾਂ ਟੱਬਰਾਂ ਦੇ ਹਿੱਤ ਹੀ ਪਾਲਦੇ ਰਹੇ। ਯਾਦ ਕਰੋ ਸਾਂਝੇ ਫਰੰਟ ਦੀ ਗੁਰਨਾਮ ਸਿੰਘ ਵਜ਼ਾਰਤ ਕੀਹਨੇ ਤੋੜੀ ਸੀ ? ਉਹ ਦਲ-ਬਦਲੂ ਅੱਜ ਵੀ ਸਿੱਖ-ਕੌਮ ਦੇ ਆਪੇ ਸਜੇ ਮਹਾਂ-ਰਥੀ ਹਨ । (ਇਸ਼ਾਰਾ ਡਾ. ਜਗਜੀਤ ਸਿੰਘ ਚੌਹਾਨ ਵੱਲ ਹੈ/ਸੰਪਾਦਕ) ਅਕਾਲੀ ਵਾਰਤਾ ਕਮੇਟੀ ਵਿਚ ਸ਼ਾਮਿਲ ਇਕ ਤਾਜ਼ਾ ਬਣਿਆ ਕਰੋੜ-ਪਤੀ ਅਰਬਪਤੀ ਬਣਨ ਲਈ ਐਨ ਘੱਲੂਘਾਰੇ ਦੇ ਇਹਨੀਂ ਦਿਨੀਂ ਹੀ ਇੰਦਰਾ ਸਰਕਾਰ ਦੀ ਭਰਪੂਰ

ਸਹਾਇਤਾ ਨਾਲ ਕਾਰਖਾਨਾ ਲਾ ਰਿਹਾ ਹੈ। ਕੋਈ ਹੋਰ ਆਪਣੇ ਵਿਰੁੱਧ ਬਣ ਸਕਦੇ ਸਮਗਲਿੰਗ ਦੇ ਕੇਸਾਂ ਤੋਂ ਬਚਣ ਲਈ ਫੁੱਟ-ਪਾਊ ਸਰਕਾਰੀ ਸੂਹੀਏ ਦਾ ਕੰਮ ਕਰਦਾ ਹੈ ਪਰ ਨਾਹਰੇ ਬਹੁਤ ਹੀ ਗਰਮ ਦਿੰਦਾ ਹੈ। ਇਕ ਹੋਰ ਪੰਜਾਬ ਵਿਚ ਆਪਣੀ ਚੀਫ਼ ਮਨਿਸਟਰੀ ਪੱਕੀ ਕਰਨ ਲਈ ਸਮਝੌਤਾ ਵਾਰਤਾ ਨੂੰ ਆਪਣੀ ਲੋੜ ਲਈ ਲਮਕਾਉਂਦਾ ਸੀ, ਉਹ ਸਿਅਸੀ ਸਲਾਹਾਂ ਕਾਮਰੇਡ-ਮਿੱਤਰ ਤੋਂ ਲੈਂਦਾ ਸੀ, ਨੇੜਲੇ ਗੁਪਤ ਸੰਬੰਧ ਸੰਤ ਭਿੰਡਰਾ ਵਾਲੇ ਨਾਲ ਰੱਖਦਾ ਸੀ ਅਤੇ ਗ੍ਰਿਫ਼ਤਾਰੀ ਸੰਤ ਲੌਂਗੋਵਾਲ ਨਾਲ ਦਿੰਦਾ ਹੈ। (ਇਸ਼ਾਰਾ ਗੁਰਚਰਨ ਸਿੰਘ ਟੌਹਰਾ ਵਲ ਹੈ/ਸੰਪਾਦਕ) ਕੋਈ ਹੋਰ ਆਪਣੀ ਗ਼ੈਰ ਕਾਨੂੰਨੀ ਤੌਰ ਉਤੇ ਰੱਖੀ ਵਾਧੂ-ਜ਼ਮੀਨ ਦੀ ਮਾਲਕੀ ਦਾ ਬਚਾਅ ਕਰਦਾ ਰਹਿੰਦਾ ਹੈ। ਅਜਿਹੇ ਮਿੱਤਰਾਂ ਦੇ ਹੁੰਦੇ ਕੋਈ ਇਕ ਦੂਕਾ ਈਮਾਨਦਾਰ ਮੋਹਰੀ ਨੇਤਾ ਗੱਠੇ ਲੱਗ ਕੇ ਮਸਾਂ ਆਪਣੀ ਪੱਗ ਹੀ ਬਚਾ ਸਕਦਾ ਹੈ ਅਜੇਹੀ ਲੀਰੋ-ਲੀਰ ਹੋਈ ਅਕਾਲੀ ਲੀਡਰਸ਼ਿਪ ਸਦਕਾ ਹੀ ਕੇਂਦਰੀ ਸਰਕਾਰ ਨੂੰ ਇਹ ਹਿੰਮਤ ਪਈ ਕਿ ਹਰਿਮੰਦਰ ਸਾਹਿਬ ਉੱਤੇ ਫੌਜੀ ਹਮਲਾ ਕਰਕੇ ਅਕਾਲ ਤਕਤ ਢਾਹ ਦੇਵੇ ਅਤੇ ਪੰਜਾਬ ਵਿਚ ਫੌਜੀ ਦਮਨ ਦਾ ਚੱਕਰ ਲੰਮੇ ਸਮੇਂ ਲਈ ਚਲਾਵੇ।

ਇਹ ਗੱਲ ਕੋਈ ਭੇਤ ਨਹੀਂ ਕਿ ਸੰਤ ਭਿੰਡਰਾਂ ਵਾਲਾ ਨੂੰ ਅਰੰਭ ਵਿਚ ਸਿਆਸੀ ਮੰਚ ਉਤੇ ਲਿਆਉਣ ਵਾਲੀ ਧਿਰ ਕਾਂਗਰਸ ਦਾ ਗਿਆਨੀ ਧੜਾ ਸੀ। ਨਰਮ-ਖਿਆਲੀ ਅਕਾਲੀ ਲੀਡਰਸ਼ਿਪ ਦ ਸ਼ਾਖ ਲੋਕਾਂ ਵਿਚ ਘਟਾਣ ਲਈ ਇੰਦਰਾ-ਕਾਂਗਰਸ ਨੇ ਭਿੰਡਰਾਂਵਾਲਾ ਨੂੰ ਸਿਲਸਿਲੇਵਾਰ, ਵਿਉਂਤ ਨਾਲ ਉਭਾਰਿਆ ਅਤੇ ਹਰ ਕਿਸਮ ਦੀ ਮੱਦਦ ਦੇ ਕੇ ਹੌਲੀ ਹੌਲੀ ਅੱਗੇ ਲਿਆਂਦਾ।

ਅੱਜ ਲੋੜ ਹੈ ਕਿ ਪੰਜਾਬ ਦੇ ਲੋਕ, ਖਾਸ ਕਰ ਸਿੱਖ ਭਾਈਚਾਰਾ, ਆਪਣੇ ਲੀਡਰਾਂ ਦੇ ਖਾਸੇ ਅਤੇ ਇਤਿਹਾਸ, ਕਹਿਣੀ ਅਤੇ ਕਰਨੀ ਦੇ ਸੁਮੇਲ ਜਾਂ ਫ਼ਰਕ ਉਤੇ ਘੋਖਵੀਂ ਨਜ਼ਰ ਮਾਰੇ। ਹਰ ਪੱਖ ਦੇ ਵਿਚਾਰ ਸੁਣੇ। ਠੰਡ ਦਿਲ ਅਤੇ ਈਮਾਨਦਾਰੀ ਨਾਲ ਸੋਚ ਕੇ ਭਵਿੱਖ ਲਈ ਫ਼ੈਸਲੇ ਲਵੇ। ਆਪਣੇ ਮਨ-ਪਸੰਦ ਲੀਡਰ ਦੇ ਨਕਸ਼ਾਂ ਬਾਰੇ ਵਿਰੋਧੀ-ਵਿਚਾਰ ਸੁਣ ਕੇ ਨੁਕਤਾਚੀਨ ਉਤੇ ਗੁੱਸੇ ਹੋਣ ਦੀ ਥਾਂ ਉਸ ਦਾ ਧੰਨਵਾਦ ਕਰੇ। ਜੇ ਮਨ ਕਰੇ ਤਾਂ ਆਪਣੇ ਲੀਡਰ ਨਾਲ ਗੁੱਸੇ ਹੋਵੇ। ਇਹੀ ਗੱਲ ਹਿੰਦੂ ਭਾਈਚਾਰੇ ਨੂੰ ਆਪਣੇ ਹਰ ਰੰਗ ਦੇ ਲੀਡਰਾਂ ਬਾਰੇ ਕਰਨੀ ਚਾਹੀਦੀ ਹੈ। ਆਰੀਆ ਸਮਾਜੀ, ਫਿਰਕਾ ਪ੍ਰਸਤ ਲੀਡਰ ਉਨ੍ਹਾਂ ਨੂੰ ਆਪਣੀ ਮਾਂ ਬੋਲੀ

## ਆਪਣੇ ਹੀ ਹੱਥੀਂ ਭੜਕਾਈ ਫਿਰਕਾਪ੍ਰਸਤੀ ਦੀ ਅੱਗ 'ਚ ਇੰਦਰਾ ਖ਼ੁਦ ਰਾਖ ਹੋ ਗਈ

31 ਅਕਤੂਬਰ ਦੀ ਸਵੇਰ, ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਭਾਰਤੀ ਲੁਟੇਰੇ ਹਾਕਮਾਂ ਦੀ ਮਸੀਹਾ, ਉਹ ਬਦਨਾਮ ਸ਼ਖਸੀਅਤ ਜਿਸ ਦੇ ਹੱਥ ਸੰਘਰਸ਼ਸ਼ੀਲ ਭਾਰਤੀ ਮਿਹਨਤਕਸ਼ ਜਨਤਾ ਦੇ ਖੂਨ ਨਾਲ ਰੰਗੇ ਸਨ ਤੇ ਜਿਹੜੀ ਸਿਰਫ 4 ਮਹੀਨੇ ਹੀ ਪਹਿਲਾਂ ਪੰਜਾਬ ਦੀ ਧਰਤੀ 'ਤੇ ਇਕ ਖੂਨੀ ਸਾਕਾ ਰਚ ਕੇ ਹਟੀ ਸੀ, ਆਪਣੇ ਵੱਲੋਂ ਹੀ ਬਾਲੀਆਂ ਫਿਰਕੂ ਅੱਗਾਂ ਦੀਆਂ ਲਾਟਾਂ 'ਚ ਰਾਖ ਹੋ ਕੇ ਰਹਿ ਗਈ ਹੈ। ਇੰਦਰਾ ਦਾ ਆਪਣੇ ਰਾਜ-ਕਾਲ ਦੌਰਾਨ ਲੋਕਾਂ ਨੂੰ ਇਲਾਕਾਈ, ਧਰਮ ਤੇ ਜਾਤਾਂ ਦੇ ਅਧਾਰ 'ਤੇ ਪਾੜ ਕੇ ਅਤੇ ਭਰਾਮਾਰ ਲੜਾਈ 'ਚ ਉਲਝਾ ਕੇ, ਤੇ ਫਿਰ ਉਹਨਾਂ ਨੂੰ ਹੀ ਸਭ ਕਾਸੇ ਦਾ ਦੋਸ਼ੀ ਠਹਿਰਾ ਕੇ ਵਹਿਸ਼ੀ ਜਬਰ ਦੀ ਅੰਨ੍ਹੀ ਹਨੇਰੀ ਝੁਲਾਉਣ ਦਾ ਇਕ ਪੂਰਾ ਕਾਲਾ ਇਤਿਹਾਸ ਹੈ ਤੇ ਅੱਜ ਉਸ ਦੀ ਮੌਤ 'ਤੇ ਦੇਸ਼ ਭਰ ਵਿਚ ਹੋ ਰਹੀਆਂ ਫਿਰਕੂ ਕਾਰਵਾਈਆਂ, ਉਸ ਦੀ ਇਸ ਲੋਕ-ਦੁਸ਼ਮਣ ਫਿਰਕੂ ਨੀਤੀ ਦਾ ਹੀ ਜਾਰੀ ਪਣ ਹੈ। ਇੰਦਰਾ ਦਾ ਕਤਲ ਉਸ ਦੀਆਂ ਧੱਕੜ ਤੇ ਫਿਰਕਾਪ੍ਰਸਤ ਨੀਤੀਆਂ ਦਾ ਹੀ ਸਿੱਟਾ ਹੈ। ਇਕ ਧੱਕੜਸ਼ਾਹ ਜ਼ਾਲਮ ਦੀ ਮੌਤ ਹੋਈ ਹੈ, ਇਸ ਲਈ ਮਿਹਨਤੀ ਲੋਕਾਂ ਵਾਸਤੇ ਅਫਸੋਸ ਵਾਲੀ ਕੋਈ ਗੱਲ ਨਹੀਂ। ਮਿਹਨਤੀ ਲੋਕਾਂ ਲਈ ਇੰਦਰਾ ਦੇ ਕਤਲ 'ਚੋਂ ਰਾਹਤ ਮਹਿਸੂਸ ਕਰਨ ਜਾਂ ਖੁਸ਼ ਹੋਣ ਵਾਲੀਵੀ ਕੋਈ ਗੱਲ ਨਹੀਂ। ਕਿਉਂਕਿ ਉਘੇ ਲੀਡਰਾਂ ਦੇ ਇੱਕਾ-ਦੁੱਕਾ ਕਤਲ, ਲੁਟੇਰੇ ਪ੍ਰਬੰਧ 'ਚ ਕੋਈ ਵੀ ਬੁਨਿਆਦੀ ਤਬਦੀਲੀ ਨਹੀਂ ਲਿਆ ਸਕਦੇ। ਮਿਹਨਤੀ ਲੋਕਾਂ ਦੀ ਮੁਕਤੀ ਦਾ ਇਕੋ ਇਕ ਰਾਹ ਮੌਜੂਦਾ ਲੁਟੇਰੇ ਭਾਰਤੀ ਰਾਜ ਨੂੰ ਉਲਟਾਅ ਕੇ, ਵੱਡੇ ਸਰਮਾਏਦਾਰਾਂ ਤੇ ਧਨਾਡਾਂ ਦੀ ਜਾਇਦਾਦ ਜਬਤ ਕਰਨ ਤੇ ਇਸ ਦੀ ਥਾਂ ਮਜ਼ਦੂਰ ਜਮਾਤ ਦੀ ਅਗਵਾਈ 'ਚ ਲੋਕ-ਜਮਹੂਰੀ ਰਾਜ ਦੀ ਕਾਇਮੀ 'ਚ ਹੈ। ਅਜਿਹਾ ਕਾਰਜ ਸਿਰਫ ਲੋਕ-ਤਾਕਤ ਦੇ ਜ਼ਰੀਏ ਕਿਸੇ ਇਕ ਅੱਧ ਲੀਡਰ ਦੇ ਕਤਲ ਰਾਹੀਂ ਨਹੀਂ, ਸਗੋਂ ਸਮੁੱਚੇ ਰਾਜ-ਪ੍ਰਬੰਧ ਨੂੰ ਚਕਨਾਚੂਰ ਕਰਕੇ ਹੀ ਕੀਤਾ ਜਾ ਸਕਦਾ ਹੈ। ਇਸ ਲਈ ਕਤਲ 'ਚੋਂ ਕੋਈ ਤਸੱਲੀ ਲੈਣ ਦੀ ਥਾਂ, ਇਨਕਲਾਬੀ ਕਾਰਜਾਂ ਨੂੰ ਨਿਭਾਉਣ ਲਈ, ਵਧ ਰਹੇ ਖਤਰਿਆਂ ਤੇ ਚੁਣੌਤੀਆ ਦਾ ਸਾਹਮਣਾ ਕਰਨ ਲਈ ਧੜੱਲੇ ਨਾਲ ਅੱਗੇ ਆਉਣਾ ਚਾਹੀਦਾ ਹੈ।

(ਇਨਕਲਾਬੀ ਕਮਿਊਨਿਸਟ ਪਾਰਟੀ ਭਾਰਤ ਦੇ ਇਕ ਦਸਤਾਵੇਜ਼ ਵਿਚੋਂ)

## ਇੰਦਰਾ ਗਾਂਧੀ ਦੀ ਮੌਤ ਤੇ

ਇਸ ਘਟਨਾ ਦਾ ਮਾਰੂ ਪ੍ਰਭਾਵਾਂ ਪੰਜਾਬ 'ਚ ਹੋਰ ਵੀ ਘਾਤਕ ਸਿੱਧ ਹੋ ਸਕਦਾ ਹੈ। ਜਿੱਥੇ ਹਿੰਦੂ-ਸਿੱਖ ਫਿਰਕਿਆਂ 'ਚ ਪਹਿਲਾਂ ਤੋਂ ਹੀ ਬਣੇ ਖੜੇ ਤਣਾਅ ਨੂੰ ਇਸ ਘਟਨਾ ਨੇ ਹੋਰ ਵੀ ਵਧਾਇਆ ਹੈ, ਉਥੇ ਪੰਜਾਬੋਂ ਬਾਹਰ ਸਿੱਖਾਂ 'ਤੇ ਹਿੰਦੂ ਫਿਰਕਾਪ੍ਰਸਤਾਂ ਵੱਲੋਂ ਹੋ ਰਹੇ ਹਮਲੇ, ਪੰਜਾਬ 'ਚ ਕਿਸੇ ਵੀ ਵਕਤ ਫਿਰਕੂ ਅੱਗ ਦੇ ਸ਼ੋਅਲੇ ਭੜਕਾ ਸਕਦੇ ਹਨ। ਸਿੱਖ ਫਿਰਕੇ ਦੇ ਜਨੂੰਨੀ ਹਿੱਸਿਆਂ ਵਲੋਂ ਇੰਦਰਾ ਦੇ ਕਤਲ 'ਤੇ, ਦਰਬਾਰ ਸਾਹਿਬ 'ਚ ਹੋਈ ਫੌਜੀ ਕਾਰਵਾਈ ਦੇ ਬਦਲੇ ਵਜੋਂ ਜੋ 'ਜਸ਼ਨ' ਮਨਾਏ ਜਾ ਰਹੇ ਹਨ ਅਤੇ ਇਸ ਨਾਲ ਸਿੱਖ-ਫਿਰਕੂ-ਦਹਿਸ਼ਤਪਸੰਦਾਂ ਦੇ ਜਿੰਨੇ ਹੌਂਸਲੇ ਬੁਲੰਦ ਹੋਏ ਹਨ, ਇਹ ਵੀ ਪੰਜਾਬ ਦੇ ਮਿਹਨਤੀ ਲੋਕਾਂ ਲਈ ਕੋਈ ਘੱਟ ਖਤਰਨਾਕ ਨਹੀਂ।

ਜੋ ਅੱਜ ਸਭਨਾਂ ਇਨਕਲਾਬੀ ਤੇ ਜਮਹੂਰੀਅਤ-ਪਸੰਦ ਸ਼ਕਤੀਆਂ ਲਈ ਇਹ ਵੰਗਾਰ ਹੈ ਕਿ ਹਾਕਮਾਂ ਵਲੋਂ 'ਦੇਸ਼ ਨੂੰ ਖਤਰੇ' ਦੇ ਨਾਂ ਹੇਠ ਭੜਕਾਏ ਜਾ ਰਹੇ ਕੌਮੀ ਜਨੂੰਨ ਤੇ ਸਭਨਾਂ ਫਿਰਕੂ ਤਾਕਤਾਂ ਦੇ ਗੁੰਮਰਾਹਕੁੰਨ ਪ੍ਰਚਾਰ ਤੋਂ ਬਚਦੇ ਹੋਏ, ਇਹਨਾਂ ਵਿਰੁੱਧ ਜ਼ੋਰਦਾਰ ਢਗ ਨਾਲ ਆਵਾਜ਼ ਬੁਲੰਦ ਕਰਨ। ਅੱਜ ਕੌਮੀ ਜਨੂੰਨ ਤੇ ਫਿਰਕਾਪ੍ਰਸਤੀ ਵਿਰੁੱਧ ਲੜਦਿਆਂ ਹੀ ਮਜ਼ਦੂਰ ਜਮਾਤ ਤੇ ਹੋਰ ਮਿਹਨਤੀ ਲੋਕ ਆਪਣਾ ਜਮਾਤੀ ਏਕਾ ਕਾਇਮ ਕਰ ਸਕਦੇ ਤੇ ਲੁਟੇਰੇ ਭਾਰਤੀ ਰਾਜ ਵਿਰੁੱਧ ਸੰਘਰਸ਼ 'ਚ ਏਕਤਾ ਉਸਾਰ ਸਕਦੇ ਹਨ।

(ਇਨਕਲਾਬੀ ਕਮਿਊਨਿਸਟ ਪਾਰਟੀ, ਭਾਰਤ ਦੇ ਇਕ ਦਸਤਾਵੇਜ਼ ਵਿਚੋਂ)

ਬਾਰੇ ਝੂਠ ਬੋਲਣ ਦੇ ਕੁਰਾਹ ਪਾ ਕੇ ਪੰਜਾਬ ਦੀ ਕੁਦਰਤੀ ਹੋਣੀ ਨਾਲ ਗੱਦਾਰੀ ਦਾ ਪਾਪ ਲਗਾਤਾਰ ਕਰਦੇ ਆ ਰਹੇ ਹਨ।

### ਸੰਤ ਭਿੰਡਰਾਂਵਾਲਾ ਦੀ 'ਚਮਤਕਾਰੀ ਮਕਬੂਲੀਅਤ' ਦੇ ਕਾਰਨ

1. ਪਿਛਲੀ ਅੱਧੀ ਸਦੀ ਵਿਚ ਅਕਾਲੀਆਂ ਅਤੇ ਕਾਂਗਰਸ ਜਾਂ ਜਨਸੰਘ ਵਿਚਕਾਰ, ਵਜ਼ਾਰਤੀ-ਕੁਰਸੀਆਂ ਲਈ, ਹੋਏ ਬੇਅਸੂਲ ਸਮਝੌਤਿਆਂ ਦੇ ਇਤਿਹਾਸ ਦੀ ਸੰਤ ਭਿੰਡਰਾਂਵਾਲਾ ਵੱਲੋਂ ਨਿਖੇਧੀ ਅਤੇ ਅਜੇਹੀ ਨੀਤੀ ਦੇ ਵਿਰੁੱਧ ਸਪੱਸ਼ਟ ਸਟੈਂਡ।
2. ਪੰਜਾਬ ਦੀ ਕੁਰਪਟ, ਧੱਕੜ ਤੇ ਅਤਿਆਚਾਰੀ ਪੁਲਿਸ ਵਿਰੁੱਧ ਅਸੰਤੁਸ਼ਟ ਗੁੱਸੇ ਵਾਲੇ ਨੌਜਵਾਨਾਂ ਦੇ ਵੱਖ ਵੱਖ ਧੜਿਆਂ ਨੂੰ ਇਕ ਮੰਚ ਉਤੇ ਲਿਆਉਣ ਅਤੇ ਗੁੱਸੇ ਦੇ ਨਿਕਾਸ ਲਈ ਲੋੜੀਂਦੇ ਹਾਲਾਤ ਮੁਹੱਈਆ ਕਰਨੇ।
3. ਹੌਲੀ ਹੌਲੀ ਆਪਣੀ ਹਸਤੀ ਨੂੰ ਅੱਗੇ ਲਿਆਉਣਾ ਅਤੇ ਹਰਿੰਦਰ ਸਾਹਿਬ ਕੰਪਲੈਕਸ ਨੂੰ ਪੂਰੀ ਤਰ੍ਹਾਂ ਆਪਣੀ ਜਕੜ ਵਿਚ ਲੈ ਲੈਣਾ ਅਤੇ ਆਪਣੀ ਲਹਿਰ ਦੇ ਜਥੇਬੰਦਕ ਮੰਤਵਾਂ ਲਈ ਉਸ ਦੀ ਵਰਤੋਂ ਕਰਨੀ।
4. ਦੇਸ਼ ਬਿਦੇਸ਼ ਦੇ ਸੰਚਾਰ ਅਦਾਰਿਆਂ : ਅਖ਼ਬਾਰਾਂ, ਟੀ. ਵੀ. ਰੇਡੀਓ ਆਦਿ ਦੀ ਕਾਮਯਾਬ ਵਰਤੋਂ ਕਰਨੀ।
5. ਲੋਕ-ਪੱਧਰ ਦੀ ਜ਼ੋਰਦਾਰ, ਸਪੱਸ਼ਟ ਬੋਲੀ ਦੀ ਵਰਤੋਂ।

### ਸੰਤ ਭਿੰਡਰਾਂਵਾਲਾ ਦੇ ਅਖੀਰਲੇ ਦੁਖਾਂਤ ਦੇ ਕਾਰਨ

1. ਸ੍ਰੀ ਮਤੀ ਇੰਦਰਾ ਗਾਂਧੀ ਨੂੰ 'ਬੇਅਸੂਲ ਜਾਂ ਬੇਇਨਸਾਫ-ਹਾਕਮ' ਦੀ ਥਾਂ 'ਹਿੰਦੂ ਹਾਕਮ' ਸਮਝਣਾ ਅਤੇ ਗਰਦਾਨਣਾ।
2. ਸਮੁੱਚੇ ਹਿੰਦੂ-ਭਾਈਚਾਰੇ ਵਿਰੁੱਧ ਲਗਾਤਾਰ ਤਲਖ ਗੱਲਾਂ ਕਹਿਣੀਆਂ ਅਤੇ ਉਨ੍ਹਾਂ ਨੂੰ ਹਜ਼ਾਰਾਂ ਕਤਲਾਂ ਦੀਆਂ ਖੁਲ੍ਹੀਆਂ ਧਮਕੀਆਂ ਦੇਣੀਆਂ।
3. ਆਪਣੀ ਛਤਰਛਾਇਆ ਹੇਠਲੇ ਲੋਕਾਂ ਨੂੰ ਅਣ-ਸਮਾਜਿਕ ਅਨਸਰ ਤੋਂ ਪਾਕ ਰੱਖਣ ਲਈ ਨਾਕਾਮਯਾਬੀ। ਉਨ੍ਹਾਂ ਦੀਆਂ ਗ਼ਲਤ ਸਰਗਰਮੀਆਂ ਨੂੰ ਰੋਕ ਨਾ ਸਕਣਾ ਅਤੇ ਉਨ੍ਹਾਂ ਬਾਰੇ ਚੁੱਪ ਰਹਿਣਾ
4. ਆਨੰਦਪੁਰ ਸਾਹਿਬ ਦੇ ਮਤੇ ਤੋਂ ਘੱਟ ਕਿਸੇ ਵੀ ਸਮਝੌਤੇ ਦਾ ਦੋ-ਟੁੱਕ ਵਿਰੋਧ। ਸਿਆਸਤ ਵਿਚ ਅੰਸ਼ਕ-ਜਿੱਤ ਦੇ ਢੰਗ ਨੂੰ ਉਕਾ ਹੀ ਰੱਦ ਕਰਨਾ। ਬੜੀ ਵਾਰੀ ਅੱਧੀ ਜਿੱਤ ਹਾਸਲ ਕਰਕੇ ਬਾਕੀ ਅੱਧੀ ਲਈ ਲੜਾਈ ਜਾਰੀ ਰੱਖਣੀ ਪੈਂਦੀ ਹੈ।
5. ਅੱਜ ਦੇ ਭਾਰਤ ਦੀ ਸਰਕਾਰੀ-ਸ਼ਕਤੀ ਦੇ ਵਿਸਤਾਰ ਅਤੇ ਲੱਛਣਾ ਬਾਰੇ ਅਣਜਾਣਤਾ ਅਤੇ ਉਸ ਨੂੰ ਘਟਾ ਕੇ ਵੇਖਣ ਦਾ ਜਜ਼ਬਾਤੀ ਸੁਭਾਅ।
6. ਆਪਣੀ ਹਥਿਆਰਬੰਦ ਸ਼ਕਤੀ ਬਾਰੇ ਬੇਦਲੀਲ ਅਤੇ ਅਣਯਥਾਰਥਕ ਭਰੋਸਾ ਅਤੇ ਬੇਲੋੜੇ ਦਮਗਜੇ।
7. ਆਪਣੀ ਕਹਿਣੀ ਅਤੇ ਆਪਣੇ ਪੈਰੋਕਾਰਾਂ ਦੀ ਕਰਨੀ ਦੇ ਪ੍ਰਤਿਕਰਮਾਂ ਬਾਰੇ ਗਲਤ ਫੈਸਲੇ।
8. ਆਪਣੀ ਕਹਿਣੀ ਅਤੇ ਕਰਨੀ ਨਾਲ ਅਮਲੀ ਤੌਰ ਉਤੇ ਕੇਂਦਰੀ ਸਰਕਾਰ ਦੇ ਹੱਥਾਂ ਵਿਚ ਖੇਡਣ ਤੋਂ ਬਚਣ ਵਿਚ ਨਾਕਾਮਯਾਬੀ। ਹਿੰਦੂ-ਵਿਰੋਧੀ ਪਰਚਾਰ ਨਾਲ ਸਾਰੀ ਹਿੰਦੂ ਵੋਟ ਕਾਂਗਰਸ (ਇੰ) ਦੀ ਝੋਲੀ ਵਿਚ ਚਲੀ ਗਈ, ਕਾਂਗਰਸ ਨੂੰ ਹੋਰ ਕੀ ਚਾਹੀਦਾ ਹੈ?

9. ਆਪਣੇ ਵੱਲੋਂ ਸਹੀ ਇਹ ਮਿਥ ਲੈਣਾ ਕਿ ਪੁਲਿਸ ਜਾਂ ਫੌਜ ਕਦੇ ਵੀ ਹਰਿਮੰਦਰ ਸਾਹਿਬ ਵਿਚ ਦਾਖਿਲ ਨਹੀਂ ਹੋਵੇਗੀ।

10. ਦਹਿਸ਼ਤ-ਪਸੰਦੀ ਇੱਕਾ-ਦੁੱਕਾ ਕਤਲਾਂ ਸਹਾਰੇ ਸਰਕਾਰੀ ਅਤਿਆਚਾਰ ਅਤੇ ਕੁਰੱਪਸ਼ਨ ਖਤਮ ਕਰਨ ਦਾ ਬੇਦਲੀਲ ਭਰੋਸਾ।

11. ਵਿਰੋਧੀ ਵਿਚਾਰਾਂ ਜਾਂ ਵੱਖਰੇ ਵਿਚਾਰਾਂ ਵਾਲੇ ਹਰ ਬੰਦੇ ਨੂੰ ਆਪਣਾ ਵੈਰੀ ਸਮਝਣਾ ਅਤੇ 'ਹਿੱਟ ਲਿਸਟ' ਵਿਚ ਸ਼ਾਮਲ ਕਰ ਲੈਣਾ। ਸਿਆਣਾ ਜਰਨੈਲ ਕੋਸ਼ਿਸ਼ ਕਰਦਾ ਹੈ ਇਕ ਸਮੇਂ ਇਕੋ ਫਰੰਟ ਉਤੇ ਇਕੋ ਵੈਰੀ ਨਾਲ ਲੜਾਈ ਲੜੀ ਅਤੇ ਜਿੱਤੀ ਜਾਵੇ, ਨਾ ਕਿ ਖਿਲਾਰਾ ਪਾ ਕੇ ਹਰ ਮੈਦਾਨ ਵਿਚ ਹਾਰ ਖਾਧੀ ਜਾਵੇ।

12. ਸ਼ਰੇ-ਆਮ ਹਿੱਟ ਲਿਸਟ ਦੀ ਫਖਰੀਆ ਪ੍ਰਦਰਸ਼ਨੀ ਅਤੇ ਕਤਲਾਂ ਦੇ ਅਸਲੀ ਪ੍ਰਤੀਕਰਮ ਨੂੰ ਨਾ ਸਮਝਣਾ ਅਤੇ ਆਮ ਲੋਕਾਂ ਵਿਚ ਡਰ ਦਾ ਇਕ ਮਾਹੌਲ ਪੈਦਾ ਕਰ ਦੇਣਾ। ਇਸ ਡਰ ਨੇ ਸਰਕਾਰੀ ਦਮਨ ਅਤੇ ਫੌਜੀ ਦਖਲ-ਅੰਦਾਜ਼ੀ ਲਈ ਬਹਾਨਾ ਅਤੇ ਆਧਾਰ ਦਿਤਾ।

13. ਆਪਣੀ ਸੰਪਰਦਾ ਤੋਂ ਬਿਨਾਂ ਹੋਰ ਅਨੇਕਾਂ ਸਿੱਖ-ਸੰਪਰਦਾਵਾਂ ਦੀ ਸਿੱਧੀ ਨਿਖੇਧੀ ਅਤੇ ਉਨ੍ਹਾਂ ਨਾਲ ਸ਼ਰੇ-ਆਮ ਵੈਰ ਦੀ ਭਾਵਨਾ ਦਾ ਪ੍ਰਗਟਾਵਾ।

## ਨਰਮ-ਦਲੀ ਅਕਾਲੀ ਨੇਤਾਵਾਂ ਦਾ ਖਾਸਾ ਅਤੇ ਇਤਿਹਾਸ

1. ਇਨ੍ਹਾਂ ਨੇਤਾਵਾਂ 'ਚੋਂ ਹਰ ਕਿਸੇ ਦੇ ਆਪਣੇ ਨਿਜੀ ਹਿੱਤ ਹਨ ਜਿਨ੍ਹਾਂ ਨੂੰ ਸਾਂਝੇ-ਹਿੱਤ ਲਈ ਕੁਰਬਾਨ ਕਰਨ ਨੂੰ ਉਹ ਸੌਖਿਆਂ ਤਿਆਰ ਨਹੀਂ ਹੁੰਦਾ।

2. ਇਨ੍ਹਾਂ ਦੀ ਸੋਚ ਦਾ ਕੋਈ ਸਾਂਝਾ ਵਿਚਾਰਧਾਰਕ ਜਾਂ ਜਮਾਤੀ ਆਧਾਰ ਨਹੀਂ ਹੈ। ਸਿਰਫ ਵਜ਼ਾਰਤੀ ਕੁਰਸੀ ਹਾਸਲ ਕਰਾਣ ਦੀ ਸਾਂਝ ਹੈ। ਬਹੁਤੀ ਤਾਕਤ ਹਥਿਆਉਣ ਲਈ ਆਪਸੀ ਲਾਗ ਡਾਟ ਦੀ ਇਕ ਭਾਵਨਾ ਵੀ ਇਸ ਸਾਂਝ ਦੇ ਬਰਾਬਰ ਤੁਰਦੀ ਰਹਿੰਦੀ ਹੈ। ਜਿਸ ਕਾਰਨ ਲੀਡਰਾਂ ਦੀਆਂ ਗੱਦਾਰੀਆਂ ਦੀ

### ਸ਼ਰਾਰਤੀ ਦਿਮਾਗਾਂ ਦੀ ਕਾਢ

ਅਜ ਕੱਲ ਇਕ ਨਿਕੇ ਜਿਹੇ ਇਸ਼ਤਿਹਾਰ ਦੀ ਸ਼ਕਲ ਵਿਚ ਲੱਖਾਂ ਦੀ ਗਿਣਤੀ ਵਿਚ ਇਕ ਲਿਖਤ ਲੋਕਾਂ ਵਿਚ ਵੰਡੀ ਜਾ ਰਹੀ ਹੈ। ਇਸਦੀ ਨਕਲ ਥਲੇ ਦਿੱਤੀ ਜਾ ਰਹੀ ਹੈ।

ਸਾਖੀ ਪੋਥੀ 'ਮੰਗਲ ਪ੍ਰਕਾਸ਼' ਰਚਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਜਿਨ ਕੋ ਕਾਰਨੇ ਪੰਥ ਕੀਓ ਪ੍ਰਕਾਸ਼
ਓਟ ਤਕਾਵਨ ਜਾਵੇਗੋ ਸਿੰਘ ਉਨ੍ਹਾਂ ਕ੍ਰੇ ਪਾਸ
ਦਰਿਪ ਮੁਲਕ ਕੀ ਜਾਨ ਕੈ ਖਾਵੇਂਗੋ ਆਪ
ਤਬੀ ਕ੍ਰੋਪ ਹੋਏ ਪ੍ਰਮਾਤਮਾ ਝਗੜਾ ਚਲੇ ਹਰਿਮੰਦਰ ਮੇਂ ਆਨ
ਬੇਗਾਨ ਬਹੁਤ ਮਰੇਂਗੇ ਸਿੰਘ ਗੁਰੂ ਕੀ ਸ਼ਾਨ
ਤਬੀ ਏਕ ਖਾਲਸਾ ਪ੍ਰਗਟ ਹੋਵੇ
ਕਿਲ੍ਹਾ ਬਨਾਵੈ ਹਰਿਮੰਦਰ ਕੋ ਆਨ
ਰਾਜ ਚਲਸੀ ਰੰਡੀ ਕਾ ਫੌਜ ਚੜ੍ਹੈ ਹਰਿਮੰਦਰ ਮੇਂ
ਖੁਰ ਭਿਜੇ ਘੋੜੇ ਕਾ ਹਰਿਮੰਦਰ ਮੇਂ ਆਨ
ਛੱਟ ਜਾਇਗਾ ਖਾਲਸਾ ਘੋਰ ਬਿਪਤ ਕੇ ਬਾਅਦ
ਖੁਆਰ ਹੋਏ ਸਭ ਮਿਲੇਂਗੇ ਸਿੰਘ ਬਿਪਤ ਮੇਂ ਆਨ
ਤਬੇ ਮਾਝਾ, ਮਾਲਵਾ, ਦੁਆਬਾ ਦੁਖੀ ਹੋਵੇ ਸਭੇ ਗ੍ਰਾਮ
ਖੰਡ-ਖੰਡਾਂ ਚੜੇ ਤਬ ਅੰਮ੍ਰਿਤਸਰ ਪਲਟੇਸ਼ਵਰ ਕੇ ਧਾਮ
ਤਬੀ ਸਿੰਘ ਫੌਜ ਚੜ੍ਹੇ ਅਟਾਰੀ ਮੇਂ ਆਨ
ਅੰਮ੍ਰਿਤਸਰ ਪਹੁੰਚਕਰ ਇਤਨਾ ਖ਼ੂਨ ਬਹਾਵੇ
ਘੋੜੇ ਕਾ ਤੰਗ ਖੂਨ ਮੇਂ ਭਿਜ ਜਾਵੇ
ਤਬ ਜਲੰਧਰ, ਲੁਧਪੁਰ ਕੋ ਲੂਟ ਕਰੇ ਸ਼ਹਿਰ ਅੰਬਾਲਾ ਲੂਟ
ਢਾਈ ਲੱਖ ਖਾਲਸਾ ਹੋਏ ਸ਼ਹੀਦ
ਸੱਤਰ ਲੱਖ ਹਿੰਦੂ ਮਰ ਜਾਵੇ
ਤਬੀ ਰੂਸ ਚੀਨ ਹਿੰਦ ਮੇਂ ਚੜ੍ਹ ਆਵੇ
ਘੋਰ ਯੁੱਧ ਮਚ ਕਰ
ਸੱਤਰ ਕਰੋੜ ਸੇ ਸਤਾਰਾਂ ਕਰੋੜ ਬਚ ਜਾਵੇ
ਦਿੱਲੀ ਤਖਤ ਪੇ ਬਹਿ ਜਾਵੇ ਗੁਰੂ ਕੀ ਫੌਜ
ਤਬੇ ਸਭੇ ਅੰਮ੍ਰਿਤ ਪਾਨ ਕਰੇ
ਤਾਬੇ ਚਲੇ ਜੋ ਪੰਥ ਕੇ ਜਾਮ ਕਾ ਬਾਣ ਨਾ ਪਾਵੇ
ਨੰਗਾ, ਭੁਖਾ, ਮੰਅਤਾ ਕੋਈ ਨਾ ਜਾਵੈ ਲੰਗਰ ਸਭੇ ਖਾਵੇ
ਤਬੀ ਕਲਯੁੱਗ ਮੇਂ ਸਤਿਯੁਗ ਹੋਸੀ ਆਨ

ਇਕ ਸਰਸਰੀ ਨਜ਼ਰ ਹੀ ਇਸ ਲਿਖਤ ਤੇ ਮਾਰਿਆਂ ਪਤਾ ਚਲ ਜਾਂਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਦੇ ਨਾਂ ਥਲੇ ਜਾਰੀ ਕੀਤੀ ਲਿਖਤ ਕਿਸੇ ਸ਼ਰਾਰਤੀ ਦਿਮਾਗ ਦੀ ਕਾਢ ਹੈ। ਇਤਿਹਾਸ ਦੇ ਖੋਜੀਆਂ ਨਾਲ ਮੈਂ ਇਥੇ ਯੂਨੀਵਰਸਿਟੀ ਵਿਚ ਗੱਲ ਕੀਤੀ ਹੈ, ਉਹਨਾਂ ਨੇ ਦਸਿਆ ਹੈ ਕਿ ਅਟਾਰੀ ਜਲੰਧਰ ਆਦਿਕ ਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਵਿਚ ਕਿਧਰੇ ਵੀ ਨਹੀਂ ਜਾਣੇ ਜਾਂਦੇ ਸਨ। ਸੋ ਸਾਖੀ ਦੀ ਸ਼ੈਲੀ ਵਿਚ ਲਿਖੀ ਇਹ ਲਿਖਤ ਇਕ ਵੱਡੀ ਸ਼ਰਾਰਤ ਹੈ। ਹਰਿਮੰਦਰ ਸਾਹਿਬ ਦਾ ਨੁਕਸਾਨ ਹੋਇਆ, ਦਿਲੀ ਤੇ ਹਿੰਦੋਸਤਾਨ ਦੇ ਵੱਖ ਵੱਖ ਹਿੱਸਿਆਂ ਵਿਚ ਹਜ਼ਾਰਾਂ ਜਾਨਾਂ ਦਾ ਨੁਕਸਾਨ ਹੋਇਆ, ਇਹ ਸ਼ਰਾਰਤੀ ਦਿਮਾਗ ਹਾਲੀ ਰੱਜੇ ਨਹੀਂ। ਇਹ ਸਾਰੇ ਪੰਜਾਬ ਨੂੰ ਅੱਗ ਵਿਚ ਸਾੜਨਾ ਚਾਹੁੰਦੇ ਹਨ। ਸਾਨੂੰ ਇਨ੍ਹਾਂ ਤੋਂ ਖਬਰਦਾਰ ਰਹਿਣ ਦੀ ਜ਼ਰੂਰਤ ਹੈ।

—ਗੁਰਸ਼ਰਨ ਸਿੰਘ

ਲੜੀ ਵੀ ਅਕਾਲੀ ਪਾਰਟੀ ਦੇ ਇਤਿਹਾਸ ਜਿੰਨੀ ਹੀ ਲੰਮੀ ਹੈ। ਸਾਧਾਰਨ, ਈਮਾਨਦਾਰ ਲੋਕਾਂ ਦੀਆਂ ਬਹੁਮੁੱਲੀਆਂ ਅਤੇ ਸੁੱਚੀਆਂ ਕੁਰਬਾਨੀਆਂ ਨਾਲ ਹਾਸਲ ਕੀਤੀ ਤਾਕਤ ਕੁਝ ਗ਼ੱਦਾਰਾਂ ਦੇ ਵਜ਼ੀਰੀ ਦੇ ਲਾਲਚ ਕਰਕੇ ਹੀ ਖੁਸ ਜਾਂਦੀ ਹੈ। ਵਕਤ ਲੰਘਣ ਨਾਲ 'ਗ਼ੱਦਾਰ' ਫਿਰ 'ਪੰਥ ਰਤਨ' ਬਣ ਕੇ ਰਹਿ ਜਾਂਦੇ ਹਨ।

3. ਅੱਜ ਦੇ ਨਰਮ-ਦਲੀਏ ਅਕਾਲੀ ਲੀਡਰਾਂ ਵਿਚ ਉਹ ਲੋਕ ਵੀ ਸ਼ਾਮਿਲ ਹਨ ਜਿਨ੍ਹਾਂ ਦੇ ਹੱਥ ਕਾਂਗਰਸੀ ਲੀਡਰਾਂ ਵਾਂਗ ਹੀ ਨਕਲਸੀਆਂ ਅਤੇ ਹੱਕ ਸੱਚ ਲਈ ਲੜਨ ਵਾਲੇ ਹੋਰ ਲੋਕਾਂ ਦੇ ਲਹੂ ਨਾਲ ਰੰਗੇ ਹੋਏ ਹਨ, ਫਿਰ ਇਨ੍ਹਾਂ ਦੋਹਾਂ ਪਾਰਟੀਆਂ ਦਾ ਫਰਕ ਕੀ ਹੈ?

4 ਅਕਾਲੀ ਪਾਰਟੀ ਨੇ ਪੰਜਾਬੀ ਬੋਲੀ ਦੀ ਦੁਹਾਈ ਦੇ ਕੇ ਕਈ ਵਾਰ ਤਾਕਤ ਹਾਸਲ ਕੀਤੀ, ਪਰ ਵਜ਼ੀਰੀ ਦੀ ਕੁਰਸੀ ਮਿਲਦਿਆਂ ਹੀ ਆਪਣੀ ਦੁਹਾਈ ਕਦੇ ਚੇਤੇ ਨਹੀਂ ਰੱਖੀ। ਅਜੇ ਤੱਕ ਵੀ ਅਮਲੀ ਤੌਰ ਉਤੇ ਪੰਜਾਬੀ ਰਾਜ-ਪੱਧਰ ਉਤੇ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੀ ਗਈ। ਗੁਰਨਾਮ ਸਿੰਘ ਵਜ਼ਾਰਤ ਨੇ ਜਨਸੰਘ ਦੇ ਬੇਅਸੂਲ ਪੰਜਾਬੀ ਵਿਰੋਧ ਕਰਕੇ ਅਤੇ ਕਾਂਗਰਸੀਆਂ ਨੇ ਸ਼ਾਇਦ ਅਫਸਰਸ਼ਾਹੀ ਦੇ ਦਬਾਅ ਹੇਠ ਜਾਂ ਵਚਨ-ਬੰਧਨ ਦੀ ਅਣਹੋਂਦ ਕਰਕੇ। ਸਿਰਫ ਲਛਮਨ ਸਿੰਘ ਵਜ਼ਾਰਤ ਵੇਲੇ ਕੁਝ ਉਪਰਾਲਾ ਕੀਤਾ ਗਿਆ, ਪਰ ਰਤਾ ਹੋਰ ਸਮਾਂ ਲੰਘਣ ਉਤੇ ਜਦੋਂ ਵਜ਼ੀਰ ਮਾਇਆ-ਇਕੱਠੀ ਕਰਨ ਦੇ ਆਪਣੇ ਆਦੀ ਸ਼ੁਗਲ ਵਿਚ ਰੁੱਝ ਗਏ ਤਾਂ ਅਫਸਰਸ਼ਾਹੀ ਨੇ ਮੁੜ ਅੰਗਰੇਜ਼ੀ ਦੀ ਵਰਤੋਂ ਹੀ ਚਾਲੂ ਕਰ ਲਈ।

5 ਕਾਂਗਰਸੀਆਂ ਵਾਂਗ ਹੀ ਮੋਹਰੀ ਅਕਾਲੀ-ਲੀਡਰਾਂ ਦੇ ਅਮੀਰਾਂ ਦੇ ਬੱਚੇ ਸਨਾਵਰ, ਮਸੂਰੀ, ਦੇਹਰਾਦੂਨ ਵਰਗੇ ਅੰਗਰੇਜ਼ੀ ਮਾਧਿਅਮ ਵਾਲੇ ਮਹਿੰਗੇ ਪਬਲਿਕ ਸਕੂਲਾਂ ਵਿਚ ਹੀ ਪੜ੍ਹਦੇ ਹਨ। ਸਾਧਾਰਨ ਸਕੂਲ ਉਨ੍ਹਾਂ ਦੇ ਮੇਚ ਨਹੀਂ ਆਉਂਦੇ। ਇਸ ਲਈ ਇਨ੍ਹਾਂ ਬੱਚਿਆਂ ਚੋਂ ਸ਼ਾਇਦ ਹੀ ਕੋਈ ਪੰਜਾਬੀ ਪੜ੍ਹ ਸਕਦਾ ਹੋਵੇ ਜਾਂ ਪੰਜਾਬੀ ਸਾਹਿਤ ਬਾਰੇ ਕੁਝ ਜਾਣਦਾ ਹੋਵੇ। ਸੋ ਉਨ੍ਹਾਂ ਨੂੰ ਪੰਜਾਬੀ ਨਾਲੋਂ ਕੁਦਰਤੀ ਤੌਰ ਤੇ ਅੰਗਰੇਜ਼ੀ ਨਾਲ ਵਧੇਰੇ ਮੋਹ ਹੈ। ਕਦੇ ਉਹਨਾਂ ਬੱਚਿਆਂ

## ਪੰਜਾਬ ਦਾ ਮਸਲਾ ਤੇ ਪਾਕਿਸਤਾਨ

ਅਸੀਂ ਵੱਖਵਾਦ ਦੇ ਵਿਰੁੱਧ ਹਾਂ। ਅਸੀਂ ਦੇਸ਼ ਨੂੰ ਇਕ ਸ਼ਕਤੀਸ਼ਾਲੀ ਦੇਸ਼ ਵੇਖਣਾ ਚਾਹੁੰਦੇ ਹਾਂ ਪਰ ਇਹਦਾ ਇਹ ਮਤਲਬ ਨਹੀਂ ਕਿ ਆਪਣੀ ਸਰਕਾਰ ਦੇ ਹਰ ਸੱਚੇ ਝੂਠੇ ਪਰਚਾਰ ਨੂੰ ਸਵੀਕਾਰ ਕਰੀਏ। ਪਾਕਿਸ-ਤਾਨ ਦੀ ਇਹ ਕੋਈ ਮਜਬੂਰੀ ਨਹੀਂ ਕਿ ਉਹ ਕਥਿਤ ਸਿੱਖ ਅਤਿਵਾਦੀਆਂ ਵੱਲ ਉਹੀ ਨੀਤੀ ਅਪਣਾਏ ਜੋ ਭਾਰਤ ਦੇ ਅਨੁਕੂਲ ਹੋਵੇ। ਭਾਰਤ ਨੂੰ ਬੰਗਲਾ ਦੇਸ਼ ਬਣਨ ਵੇਲੇ ਆਪਣੀ ਭੂਮਿਕਾ ਨਹੀਂ ਭੁਲਣੀ ਚਾਹੀਦੀ। ਭਾਰਤ ਸਰਕਾਰ ਪੰਜਾਬ ਦੇ ਮਸਲੇ ਦਾ ਸਿਆਸੀ ਹੱਲ ਲੱਭਣ ਦੀ ਥਾਂ ਲੋਕਾਂ ਦਾ ਧਿਆਨ ਪਾਕਿਸਤਾਨ ਵੱਲ ਮੋੜਨ ਦਾ ਯਤਨ ਕਰ ਰਹੀ ਹੈ। ਆਲ ਇੰਡੀਆ ਰੇਡੀਓ ਦੀ ਉਰਦੂ ਸਰਵਿਸ (ਇਕੋ ਹੀ ਰੇਡੀਓ ਸਰਵਿਸ ਜਿਸਨੂੰ ਸਾਧਾਰਨ ਲੋਕ ਸੁਣਦੇ ਹਨ) ਟੀ.ਵੀ. ਅਤੇ ਖ਼ੁਦ ਆਪ ਪ੍ਰਧਾਨ ਮੰਤਰੀ ਵਾਰ ਵਾਰ ਲੋਕਾਂ ਦਾ ਧਿਆਨ ਨਨਕਾਣਾ ਸਾਹਿਬ ਵਿਚ ਗੁਰਪੁਰਬ ਤੇ ਆਏ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਤੋਂ ਆਏ ਖਾਲਿਸਤਾਨੀ ਅਨਸਰਾਂ ਦੀਆਂ ਕਾਰਵਾਈਆਂ ਵੱਲ ਦਿਵਾ ਰਹੇ ਹਨ। ਕੀ ਇਹ ਖਾਲਿ-ਸਤਾਨੀ ਇਸ ਸਾਲ ਕੋਈ ਨਵੇਂ ਆਏ ਹਨ? ਇਹ ਪਿਛਲੇ ਕਈਆਂ ਸਾਲਾਂ ਤੋਂ ਆਏ ਹੋਨ ਤੇ ਇਸੇ ਤਰ੍ਹਾਂ ਦੀਆਂ ਤਕਰੀਰਾਂ ਕਰਦੇ ਹਨ। ਗੰਗਾ ਸਿੰਘ ਢਿਲੋਂ, ਜਗਜੀਤ ਸਿੰਘ ਚੌਹਾਨ ਕੋਈ ਪਾਕਿਸਤਾਨ ਵਿਚ ਪਹਿਲੀ ਵਾਰ ਨਹੀਂ ਆਏ। ਕੀ ਇਹਨਾਂ ਖਾਲਿਸਤਾਨੀਆਂ ਦੀ ਪਾਕਿਸਤਾਨ ਵਿਚ ਹਾਜ਼ਰੀ ਕਰਕੇ ਪਾਕਿਸਤਾਨ ਨਾਲ ਜੰਗ ਛੇੜੀ ਜਾਏ? ਪੰਜਾਬ ਦੇ ਬਾਰਡਰ ਦੇ ਪਿੰਡਾਂ ਵਿਚ ਅੱਕਤੂਬਰ ਦੇ ਅਖੀਰਲੇ ਹਫਤੇ ਵਿਚ ਜਿਹੜੀ ਫੌਜੀ ਹਰਕਤ ਹੁੰਦੀ ਰਹੀ ਹੈ ਤੇ ਬਾਰਡਰ ਦੇ ਪਿੰਡ ਵੀ ਖਾਲੀ ਕਰਵਾਏ ਗਏ ਹਨ, ਇਹ ਸਾਬਤ ਕਰਦਾ ਹੈ ਕਿ ਭਾਰਤ ਕੋਈ ਨਾ ਕੋਈ ਪੱਜ ਲਗਾ ਕੇ ਪਾਕਿਸਤਾਨ ਨਾਲ ਸੀਮਤ ਜਹੀ ਜੰਗ ਕਰਨਾ ਚਾਹੁੰਦਾ ਸੀ। ਇੰਦਰਾ ਗਾਂਧੀ ਦੀ ਹਤਿਆ ਤੋਂ ਬਾਅਦ ਇਹ ਸਾਰੀ ਨਕਲੀ ਹਰਕਤ ਇਕਦਮ ਬੰਦ ਹੋ ਗਈ। ਕਿਉਂ? ਇਹਦਾ ਜਵਾਬ ਸਾਨੂੰ ਜ਼ਰੂਰ ਲੈਣਾ ਚਾਹੀਦਾ ਹੈ। ਜੇਕਰ ਪਾਕਿਸਤਾਨ ਕੁਝ ਸ਼ਰਾਰਤ ਕਰਨਾ ਚਾਹੁੰਦਾ ਹੁੰਦਾ ਤਾਂ ਉਹਦੇ ਲਈ ਤਾਂ ਇਹ ਸੁਨਹਿਰੀ ਮੌਕਾ ਸੀ ਪਰ ਗੱਲ ਇਹਦੇ ਬਿਲਕੁਲ ਉਲਟ ਹੈ। ਇਹ ਛੇੜਖਾਨੀ, ਭਾਰਤ ਹੀ ਕਰਨਾ ਚਾਹੁੰਦਾ ਸੀ। ਗੋਲਾਬਾਰੀ ਵਿਚ ਪਾਕਿਸਤਾਨ ਦਾ ਕੁਝ ਹਿੱਸਾ ਤਬਾਹ ਹੋ ਜਾਵੇ, ਭਾਰਤੀ ਪੰਜਾਬ ਦਾ ਉਜਾੜਾ ਹੋ ਜਾਵੇ ਦੋਨੋਂ ਇੰਦਰਾ ਗਾਂਧੀ ਲਈ ਲਾਹੇਵੰਦ ਸਨ। ਅਫਗਾਨਿਸਤਾਨ ਦੇ ਸੰਦਰਭ ਵਿਚ ਰੂਸ ਅਤੇ ਭਾਰਤ ਵਿਚ ਰੂਸੀ ਲੌਬੀ ਨੂੰ ਵੀ ਇਹੋ ਜਿਹਾ ਪ੍ਰਚਾਰ ਪੁੱਗਦਾ ਹੈ, ਪਰ ਸਾਨੂੰ ਇਸ ਬਾਰੇ ਆਪਣੀ ਸਪੱਸ਼ਟ ਰਾਇ ਦੱਸਣੀ ਚਾਹੀਦੀ ਹੈ। ਭਾਰਤ ਸਰਕਾਰ ਦੀ ਪੰਜਾਬ ਦੇ ਮਸਲੇ ਨੂੰ, ਖਾਮਖਾਹ ਪਾਕਿਸਤਾਨ ਜਾਂ ਹੋਰ ਬਾਹਰ ਦੀਆਂ ਏਜੰਸੀਆਂ ਦੀਆਂ ਕਾਰਵਾਈਆਂ ਨਾਲ ਰਲਗੱਡ ਕਰਕੇ ਟਾਲਣ ਦੀ ਭਾਰਤ ਸਰਕਾਰ ਦੀ ਚਾਲ ਨੂੰ ਸਿਆਸੀ ਪੱਧਰ ਤੇ ਨੰਗਿਆਂ ਕਰਨਾ ਚਾਹੀਦਾ ਹੈ।

ਗੁਰਸ਼ਰਨ ਸਿੰਘ

ਵਿਚ ਬੈਠ ਕੇ ਦੇਖੋ, ਸਾਰੇ ਅੰਗਰੇਜ਼ੀ ਵਿਚ ਹੀ ਗਲਬਾਤ ਕਰਨਗੇ। ਅਸਲ ਵਿਚ ਏਸ ਪੜ੍ਹਾਈ ਨਾਲ ਉਹ ਬੱਚੇ ਰਾਜ-ਸੱਤਾ ਰਖਿਆਉਣ ਲਈ ਸਹੀ ਅਤੇ ਕਾਮਯਾਬ ਵਿਅਕਤੀ ਬਣਦੇ ਹਨ। ਅਕਾਲੀ ਲੀਡਰਾ ਨੂੰ ਵੀ ਅਸਲ ਵਿਚ ਅਜੇਹੀ ਸਤੱ-ਵਾਨ ਬਣਨ ਜੋਗੀ ਔਲਾਦ ਦੀ ਇੱਛਾ ਅਤੇ ਲੋੜ ਹੈ, ਮਾਂ-ਬੋਲੀ ਪੰਜਾਬੀ ਦੇ ਸਪੂਤਾਂ ਦੀ ਨਹੀਂ। ਕਹਿਣੀ ਅਤੇ ਕਰਨੀ ਦਾ ਇਹ ਫਰਕ ਹੀ ਸਾਰੇ ਸੰਕਟ ਦੀ ਜੜ੍ਹ ਹੈ।

6. ਪੂਰਬੀ ਪੰਜਾਬ ਦੀ ਨਵੀਂ ਵੰਡ ਮੰਗਣ ਵੇਲੇ ਅਕਾਲੀ-ਲੀਡਰਾਂ ਨੂੰ ਸਿਰਫ ਵਜ਼ਾਰਤੀ-ਕੁਰਸੀਆਂ ਹੀ ਦਿਸਦੀਆਂ ਸਨ। ਕਾਸ਼! ਇਸ ਵੰਡ ਦੇ ਹੋਰ ਭਿਆਨਕ ਨਤੀਜੇ ਕਿਆਸਣ ਜੋਗੀ ਈਮਾਨਦਾਰੀ, ਸਿਆਣਪ ਅਤੇ ਤਿੱਖੀ ਨਜ਼ਰ ਉਨ੍ਹਾਂ ਕੋਲ ਹੁੰਦੀ।

ਪੰਜਾਬ ਜੇਹਲਮ ਤੋਂ ਜਮਨਾ ਤੱਕ ਫੈਲਿਆ ਹੋਇਆ ਹੁੰਦਾ ਸੀ, ਤਾਂ ਹੀ 'ਪੰਜ-ਆਬ' ਸੀ। ਹਿੰਦੁਸਤਾਨ ਦੀ ਵੰਡ ਨੇ ਢਾਈ-ਆਬ ਬਣਾ ਦਿਤਾ, ਉਨ੍ਹਾਂ ਢਾਈ ਦਰਿਆਵਾਂ ਦੀ ਕੁੰਜੀ ਵੀ ਅੱਜ ਕਲ੍ਹ ਦਿੱਲੀ ਕੋਲ ਹੈ। ਪੂਰਬੀ ਪੰਜਾਬ ਵਿਚ ਸੰਨ 1966 ਤੱਕ ਦੇ ਸਮੇਂ ਪੰਜਾਬੀ ਵਾਹਗੇ ਤੋਂ ਫਰੀਦਾਬਾਦ ਤੱਕ ਬੁਨਿਆਦੀ ਸਕੂਲ ਪੱਧਰ ਉਤੇ ਪੜ੍ਹਾਈ ਜਾ ਰਹੀ ਸੀ ਅਤੇ ਪੰਜਾਬੀ ਸਭਿਆਚਾਰ ਸਹਿਜ-ਸੁਭਾਅ ਜਮੁਨਾ ਤੋਂ ਵੀ ਪਾਰ ਤੱਕ ਫੈਲ ਰਿਹਾ ਸੀ, ਪਰ ਕੁਰਸੀ ਦੇ ਲਾਲਚੀਆਂ ਨੇ ਪੰਜਾਬ ਦੀ ਨਵੀਂ ਵੰਡ ਕਰਕੇ ਪੰਜਾਬੀ ਅੰਮ੍ਰਿਤਸਰ ਤੋਂ ਅੰਬਾਲੇ ਵਿਚਕਾਰ ਹੀ ਕੈਦ ਕਰ ਦਿਤੀ।

ਹਰਿਆਣਾ ਕਿਸੇ ਨੇ ਨਹੀਂ ਸੀ ਮੰਗਿਆ, ਉਸ ਲਈ ਕਿਸੇ ਨੇ ਕੋਈ ਲਹਿਰ ਨਹੀਂ ਸੀ ਚਲਾਈ, ਕੋਈ ਮੋਰਚਾ ਨਹੀਂ ਸੀ ਲਾਇਆ। ਅਕਾਲੀਆਂ ਨੇ ਅੱਲੀ ਥਾਲੀ ਵਿਚ ਪਰੋਸ ਕੇ ਹਰਿਆਣਾ ਅਤੇ ਹਿਮਾਚਲ ਭਜਨ ਲਾਲ ਅਤੇ ਵੀਰਭੱਦਰ ਸਿੰਘ ਵਰਗਿਆਂ ਨੂੰ ਦਿੱਤੇ ਹਨ ਜਿਨ੍ਹਾਂ ਨੂੰ ਤਿਲਗੂ ਬੋਲੀ ਪੰਜਾਬੀ ਤੋਂ ਨੇੜੇ ਅਤੇ ਪਿਆਰੀ ਲਗਦੀ ਹੈ।

ਮੈਂ ਇਕ ਅਕਾਲੀ ਨੇਤਾ ਤੋਂ ਪੁੱਛਿਆ, "ਤੁਸੀਂ ਕਾਂਗੜਾ ਕਿਉਂ ਛਡ ਦਿਤਾ ਸੀ? ਇਹ ਤਾਂ ਪੰਜਾਬੀ ਬੋਲਦਾ ਇਲਾਕਾ ਸੀ।" ਜਵਾਬ ਮਿਲਿਆ, "ਉਸ ਵਿਚ ਹਿੰਦੂ ਬਹੁ ਸੰਮਤੀ ਸੀ।" ਬਿੱਲੀ ਥੈਲਿਓਂ ਬਾਹਰ ਆ ਗਈ। ਉਹ ਪੰਜਾਬੀ ਸੂਬਾ ਨਹੀਂ "ਸਿੱਖ ਸੂਬਾ" ਬਣਾ ਰਹੇ ਸਨ। ਪਰ ਮੇਹਰਬਾਨੋ! ਸਿਖ ਸੂਬਾ ਤੁਹਾਡੀਆਂ ਵਜ਼ਾਰਤੀ ਕੁਰਸੀਆਂ ਦੀ ਜ਼ਮਾਨਤ ਨਹੀਂ ਬਣ ਸਕਦਾ ਕਿਉਂਕਿ ਸਿੱਖ ਵਸੋਂ ਇਕ ਮੁੱਠ ਅਕਾਲੀਆਂ ਦੀ ਪਿਛਲੱਗ ਨਹੀਂ ਹੈ। ਸਿੱਖ ਅਕਾਲੀ ਵੀ ਹਨ। ਰੀਪਬਲੀਕਨ ਵੀ, ਕਾਂਗਰਸੀ ਵੀ, ਕਮਿਊਨਿਸਟ ਵੀ, ਸੋਸ਼ਲਿਸਟ ਵੀ,

## ਫਿਰਕੂ ਅੱਗ ਦੇ ਭਾਂਬੜ ਕਿਸ ਬਾਲੇ ?

ਜੋ ਕੁਝ ਵੀ ਪੰਜਾਬ ਤੋਂ ਬਾਹਰਲੇ ਸੂਬਿਆਂ ਜਾਂ ਦਿੱਲੀ 'ਚ ਵਾਪਰਿਆ, ਇਸਦਾ ਮਨੋਰਥ ਸਾਫ ਤੌਰ 'ਤੇ ਏਹੀ ਹੈ ਕਿ ਪੰਜਾਬ ਅੰਦਰ ਪਹਿਲਾਂ ਹੀ ਫਿਰਕੂ ਵੱਖਵਾਦ ਦੀ ਸੁਲਘ ਰਹੀ ਚਿੰਗਾੜੀ ਨੂੰ ਮੋੜਵੇਂ ਰੂਪ 'ਚ ਲਟ ਲਟ ਬਾਲਿਆ ਜਾ ਸਕੇ। ਪਰ ਬਹੁਤ ਹੀ ਉਤਸ਼ਾਹ ਜਨਕ ਪੱਖ ਇਹ ਹੈ ਕਿ ਬਹੁਤ ਸਾਰੇ ਹਿੰਦੂ ਪਰਿਵਾਰਾਂ ਨੇ ਆਪਣੀਆਂ ਜਾਨਾਂ ਖਤਰਿਆਂ 'ਚ ਪਾ ਕੇ ਵੀ ਆਪਣੇ ਸਿੱਖ ਭਰਾਵਾਂ ਦੀ ਜਾਨ ਮਾਲ ਦੀ ਰਾਖੀ ਕਰਕੇ ਸਦੀਵੀ ਭਾਈਚਾਰਕ ਸਾਂਝ ਨੂੰ ਪੱਕੇ ਪੈਰੀਂ ਕਰਨ ਦੀ ਸ਼ਾਨਦਾਰ ਮਿਸਾਲ ਪੈਦਾ ਕੀਤੀ ਹੈ? ਏਸੇ ਤਰ੍ਹਾਂ ਹੀ ਪੰਜਾਬ ਅੰਦਰ ਦੋਵੇਂ ਫਿਰਕਿਆਂ 'ਚ ਫੁੱਟ, ਨਫਰਤ ਤੇ ਕੁੜੱਤਣ ਦੇ ਬੀਜ ਬੀਜਣ ਲਈ ਭਾਵੇਂ ਜਨੂੰਨੀ ਟੋਲਿਆਂ ਵਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਗਈ ਪਰ ਫਿਰ ਵੀ ਲੋਕਾਂ ਅੰਦਰ ਵਿਕਾਸ ਕਰ ਰਹੀ ਰਾਜਨੀਤਕ ਸੂਝ ਬੂਝ ਅਤੇ ਸਦੀਵੀ ਸਾਂਝ ਦੀਆਂ ਤੰਦਾਂ ਇਹਨਾਂ ਦੇ ਚੰਦਰੇ ਇਰਾਦਿਆਂ ਨੂੰ ਫਲ ਨਹੀਂ ਲੱਗਣ ਦੇ ਰਹੀਆਂ। ਅੱਜ ਪੰਜਾਬ ਦੇ ਖਾਸ ਕਰਕੇ ਸਿੱਖ ਫਿਰਕੇ ਨਾਲ ਸੰਬੰਧਤ ਲੋਕਾਂ ਨੂੰ ਬਹੁਤ ਠਰੰਮੇ ਤੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਕਿ ਅਸੀਂ ਤਿੰਨ ਵਰ੍ਹੇ ਤੋਂ ਇਹ ਗੱਲ ਕਹਿੰਦੇ ਆ ਰਹੇ ਹਾਂ ਕਿ ਪੰਜਾਬ ਅੰਦਰ ਹਿੰਦੂਆਂ ਨੂੰ ਕਤਲ ਕਰਨ ਲਈ ਗਿਣਤੀਆਂ-ਮਿਣਤੀਆਂ ਕਰਨ ਵਾਲੇ ਹਿੰਦੂਆਂ-ਸਿੱਖਾਂ ਸਮੂਹ ਲੋਕਾਂ ਦੇ ਵੈਰੀ ਨੇ, ਕਿਉਂਕਿ ਅਜੇਹੀਆਂ ਕਰਤੂਤਾਂ ਕਰਕੇ ਉਹ ਪੰਜਾਬ ਤੋਂ ਬ ਹਰ ਦੇਸ਼-ਵਿਦੇਸ਼ 'ਚ ਵਸਦੇ ਸਿੱਖਾਂ ਲਈ ਖਤਰੇ ਸਹੇੜ ਰਹੇ ਨੇ। ਅੱਜ ਉਹੀ ਕੁਝ ਹੋ ਰਿਹੈ ਜਿਸ ਬਾਰੇ ਅਸੀਂ ਬਹੁਤ ਪਹਿਲਾਂ ਸੁਚੇਤ ਕੀਤਾ ਸੀ। ਏਸੇ ਤਰ੍ਹਾਂ ਸਿੱਖਾਂ ਤੇ ਵਾਰ ਕਰਨ ਵਾਲੇ ਕਿਸੇ ਤਰ੍ਹਾਂ ਵੀ ਹਿੰਦੂਆਂ ਦੇ ਮਿੱਤਰ ਨਹੀਂ ਹੋ ਸਕਦੇ, ਕਿਉਂਕਿ ਉਹਨਾਂ ਦੇ ਕਮੀਨੇ ਕਾਰਿਆਂ ਨੇ ਖਾਸ ਕਰਕੇ ਪੰਜਾਬ ਦੇ ਹਿੰਦੂਆਂ ਅੰਦਰ ਬੇਹੱਦ ਡਰ ਸਹਿਮ ਦੀ ਘੜੀ ਲਿਆ ਦਿੱਤੀ ਹੈ। ਇਸ ਲਈ ਅਜੇ ਵੀ ਸੰਭਲਣ ਦਾ ਵੇਲਾ ਹੈ, ਜਿੱਥੇ ਵੀ, ਜਦੋਂ ਵੀ, ਜੋ ਵੀ ਫਿਰਕੂ ਅੱਗ ਲਾਉਣ ਦੀ ਹਰਕਤ ਕਰਦਾ ਹੈ ਉਸਨੂੰ ਲੋਕ ਤਾਕਤ ਸਹਾਰੇ ਤੁਰੰਤ ਕਾਬੂ ਕੀਤਾ ਜਾਏ ਪੁਲਸ, ਫੌਜ ਦੀਆਂ ਧਾੜਾਂ ਫਿਰਕਿਆਂ 'ਚ ਮੇਲ ਜੋਲ ਜਾਂ ਜਾਨ ਮਾਲ ਦੀ ਰਾਖੀ ਕਰਨ ਦਾ ਕੰਮ ਨਹੀਂ ਕਰ ਸਕਦੀਆਂ ਇਸ ਲਈ ਜਮਾਤੀ ਸੂਝ ਬੂਝ ਨਾਲ ਲੈਸ ਲੋਕ ਸ਼ਕਤੀ ਦੀ ਬੇਹੱਦ ਜ਼ਰੂਰਤ ਹੈ।

ਪੰਜਾਬ ਕਿਸਾਨ ਯੂਨੀਅਨ ਅਤੇ ਪੰਜਾਬ ਦਿਹਾਤੀ ਮਜ਼ਦੂਰ ਯੂਨੀਅਨ ਦੇ ਇਕ ਦਸਤਾਵੇਜ਼ ਵਿਚੋਂ

ਜਨਤਾ ਪਾਰਟੀਏ ਅਤੇ ਹੋਰ ਅਨੇਕਾਂ ਵਿਚਾਰਾਂ ਵਾਲੇ ਵੀ। ਅਜੇਹੀ ਵਿਚਾਰਧਾਰਕ ਰੰਗਾ-ਰੰਗੀ ਵਾਲੇ ਲੋਕਾਂ ਦੇ ਸਿਰਫ਼ 52% ਬਹੁਗਿਣਤੀ ਵਿਚ ਹੁੰਦਿਆਂ ਪੰਜਾਬ ਵਿਚ ਅਕਾਲੀ ਹੀ ਸੱਤਾ ਵਿਚ ਆਉਣਗੇ, ਇਹ ਕੋਈ ਅਕਾਲੀ ਹੀ ਸੋਚ ਸਕਦਾ ਹੈ :

ਇਸ ਸਾਦਗੀ ਪੇ ਕੁਨ ਨਾ ਮਰ ਜਾਏ, ਐ ਖੁਦਾ !

ਅਜੇਹੀ ਸਾਦਾ ਦਿਲੀ ਅਤੇ ਖਾਮ-ਖਿਆਲੀ ਵਸ ਪੂਰਬੀ-ਪੰਜਾਬ ਦੀ ਲੰਗੜੀ ਅਤੇ ਪੱਖਪਾਤੀ ਵੰਡ ਮੰਨਣ ਦਾ ਜੋ ਪਾਪ ਅਕਾਲੀਆਂ ਅਤੇ ਹੋਰ ਪਾਰਟੀਆਂ ਨੇ ਕੀਤਾ ਇਹ ਉਹ ਨਾਸੂਰ ਹੈ ਜੋ ਸਦਾ ਰਿਸਦਾ ਰਹੇਗਾ। ਅਤੇ ਜਿਸ ਦੀ ਪੀੜ ਲੋਕਾਂ ਨੂੰ ਬੇਲੋੜੇ ਤੌਰ ਉਤੇ ਸਦੀਆਂ ਤੱਕ ਸਹਿਣੀ ਪਵੇਗੀ। ਦੁਖਾਂਤ ਇਹ ਹੈ ਕਿ ਕਰਦੇ ਸੱਤਾ ਦੇ ਭੁੱਖੇ ਰਾਜਨੀਤਿਕ-ਟੋਲੇ ਹਨ ਪਰ ਭਰਦੇ ਲੱਖਾਂ ਲੋਕ ਹਨ।

7. ਸਿੱਖ ਵਸੋਂ ਦੀ ਬਹੁਗਿਣਤੀ ਬਾਰੇ ਇਹ ਸੋਚਣਾ ਕਿ ਹੁਣ ਵਾਲੇ ਪੰਜਾਬ ਵਿਚ ਵੀ ਸਦਾ ਰਹੇਗੀ, ਯਥਾਰਥਕ ਨਹੀਂ । ਅਨੇਕਾਂ ਸਿੱਖ ਚੰਗੇਰੀ ਜ਼ਿੰਦਗੀ ਲਈ ਰੋਜ਼ ਹੋਰ ਭਾਰਤੀ ਸੂਬਿਆਂ ਅਤੇ ਬਾਹਰਲੇ ਦੇਸ਼ਾਂ ਨੂੰ ਤੁਰਦੇ ਰਹਿੰਦੇ ਹਨ, ਕਿਹੜੇ ਅਕਾਲੀ, ਕਾਂਗਰਸੀ ਨੇਤਾ ਦੇ ਪੁੱਤਰ ਜਾਂ ਧੀ ਬਦੇਸ਼ ਨਹੀਂ ਪਹੁੰਚੇ ਹੋਏ ਜਾ ਬਦੇਸ਼ ਜਾਣ ਲਈ ਨਹੀਂ ਤਰਸਦੇ।' ਕਈ ਸਾਬਿਕਾ ਪੰਜਾਬੀ ਸਿਆਸਤਦਾਨ ਕੈਨੇਡਾ, ਅਮਰੀਕਾ ਜਾਂ ਇੰਗਲੈਂਡ ਬੈਠੇ 'ਮੌਜ' ਲੈ ਰਹੇ ਹਨ ਜਾਂ ਆਪਣੇ ਆਖਰੀ ਦਿਨ ਪੂਰੇ ਕਰ ਰਹੇ ਹਨ। ਬਿਹਾਰ ਦੇ ਭੁੱਖੇ, ਗਰੀਬ, ਹਿੰਦੂ ਭਈਏ ਲਈ ਅੱਜ ਪੰਜਾਬ ਹੀ ਵਿਲਾਇਤ ਹੈ। ਸੋ ਉਹ ਖੇਤ ਮਜ਼ਦੂਰ ਬਣ ਕੇ ਪੰਜਾਬ ਆਏਗਾ ਹੀ। ਪੰਜਾਬ ਦਾ ਸਿੱਖ ਕਿਸਾਨ ਆਪ ਵੀ ਬਿਹਾਰੀ-ਭਈਏ ਦੀ ਸਸਤੀ ਮਜ਼ਦੂਰੀ ਦਾ ਲੋੜਵੰਦ ਹੈ। ਸੋ 52% ਸਿੱਖ ਬਹੁ ਗਿਣਤੀ ਦੀ ਧੁੰਦ ਤਾਂ ਕੁਝ ਦਿਨਾਂ ਵਿਚ ਹੀ ਉਡ ਜਾਏਗੀ। ਫੇਰ ਕੀ ਕਰੋਗੇ ?

8. ਅਕਾਲੀ ਨੇਤਾਵਾਂ ਦੇ ਪੰਜਾਬ-ਪਿਆਰ ਦੀ ਅਸਲੀਅਤ ਤਾਂ ਹੇਠਲੇ ਕੁੱਝ ਸਵਾਲਾਂ ਦੇ ਈਮਾਨਦਾਰ ਜਵਾਬ ਨਾਲ ਖੁਲ੍ਹ ਜਾਂਦੀ ਹੈ। ਉਹ ਦਿਲ ਉਤੇ ਹੱਥ ਰੱਖ ਕੇ ਦੱਸਣ ਕਿ ਉਹ ਆਪ ਪੰਜਾਬੀ ਸਾਹਿਤ ਬਾਕਾਇਦਗੀ ਨਾਲ ਪੜ੍ਹਦੇ ਹਨ ? ਕਦੇ ਕੋਈ ਪੰਜਾਬੀ ਕਿਤਾਬ ਜਾਂ ਰਸਾਲਾ ਖਰੀਦਦੇ ਹਨ। ਉਹਨਾਂ ਦੇ ਪੰਜਾਬੀ-ਬੋਲੀ ਦੇ ਗਿਆਨ ਦਾ ਪਾਜ ਤਾਂ ਉਨ੍ਹਾਂ 'ਚੋਂ ਕਈਆਂ ਦੇ ਦਸਖ਼ਤ ਦੇਖ ਕੇ ਹੀ ਖੁਲ੍ਹ ਜਾਂਦਾ ਹੈ। ਸ਼ਾਇਦ ਹੀ ਉਹ ਮੋਹਰੀ ਪੰਜਾਬੀ ਲੇਖਕਾਂ ਜਾਂ ਰਸਾਲਿਆਂ ਦੇ ਨਾਂ ਵੀ ਜਾਣਦੇ ਹੋਣ। ਇਸ ਹਾਲਤ ਵਿਚ ਉਹ ਪੰਜਾਬੀ ਦਾ ਕੀ ਸੁਆਰ ਸਕਦੇ ਹਨ ?

ਮੈਂ ਇਹ ਸਾਰੇ ਸਵਾਲ ਆਪਣੇ ਦ੍ਰਿਸ਼ਟੀਕੋਨ ਤੋਂ ਨਹੀਂ ਕੀਤੇ ਸਗੋਂ ਜਾਣ ਬੁੱਝ ਕੇ ਅਕਾਲੀ ਦ੍ਰਿਸ਼ਟੀਕੋਨ ਤੋਂ ਕੀਤੇ ਹਨ ਤਾਂ ਵੀ ਅਕਾਲੀ ਲੀਡਰਾਂ ਦਾ ਕਿਰਦਾਰ ਪੂਰਾ ਨਹੀਂ ਉਤਰਦਾ।

ਅਕਾਲੀ ਲੀਡਰਸ਼ਿਪ ਦੇ ਇਸ ਸੰਕਟ ਅਤੇ ਕੇਂਦਰੀ ਸਰਕਾਰ ਦੇ ਅਮਲਾਂ ਨੇ ਅੱਜ ਪੰਜਾਬ ਨੂੰ ਜਿੱਥੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਉਥੇ ਸਾਰੇ ਪੰਜਾਬੀਆਂ ਨੂੰ ਬਹੁਤ ਹੀ ਗੰਭੀਰ ਵਿਚਾਰ ਕਰਕੇ ਭਵਿੱਖ ਦੇ ਫ਼ੈਸਲੇ ਲੈਣ ਦੀ ਲੋੜ ਹੈ। ਜਾਪਦਾ ਹੈ ਕਿ ਪੰਜਾਬ ਵਿਚ ਫਿਰਕੂ ਸਿਆਸਤ ਦਾ ਕੋਈ ਭਵਿਖ ਨਹੀਂ । ਪੰਜਾਬੀਆਂ ਨੂੰ ਆਪਣੀਆਂ ਮੰਗਾਂ ਮਨਵਾਣ ਲਈ ਗੈਰ-ਫ਼ਿਰਕੂ, ਸੂਝਵਾਨ ਈਮਾਨਦਾਰ ਲੋਕ-ਤਾਕਤਾਂ ਦੀ ਅਗਵਾਈ ਹੀ ਉਹਨਾਂ ਦੀ ਹੱਕੀ ਮੰਜ਼ਿਲ ਉਤੇ ਪੁਚਾ ਸਕਦੀ ਹੈ। ਕੀ ਉਹ ਤਾਕਤਾਂ ਆਪਣਾ ਇਹ ਰੋਲ ਪੂਰਾ ਕਰਨ ਲਈ ਸੰਕੀਰਣ ਸੋਚ ਛੱਡ ਕੇ ਇਕ ਮੁੱਠ ਹੋ ਸਕਣਗੀਆਂ।

ਅਕਾਲੀ-ਲੀਡਰਸ਼ਿਪ ਅਤੇ ਧਾਰਮਿਕ ਸਿੱਖ-ਜਗਤ ਵਿਚ ਲੰਮੇ ਸਮੇਂ ਤੋਂ ਬੁੱਧੀਮਾਨ ਲੋਕਾਂ ਦੇ ਵਿਰੁੱਧ ਬੜਾ ਸਖ਼ਤ ਪੱਖਪਾਤ ਕਾਇਮ ਹੈ, ਜਿਸ ਤੋਂ ਛੁਟਕਾਰਾ ਪਾਏ ਬਿਨਾਂ ਕੋਈ ਉਨਤੀ ਨਹੀਂ ਹੋ ਸਕਦੀ। ਅਕਾਲੀ ਲੀਡਰਾਂ ਦਾ ਮੁਕਾਬਲਾ ਸੰਸਾਰ-ਪੱਧਰ ਦੇ ਘਾਗ ਭਾਰਤੀ ਸਿਆਸਤਦਾਨਾਂ ਨਾਲ ਹੈ। ਸੋ ਸਾਦਾ ਲੋਹ ਜਾਂ ਕੱਟੜ ਸਾਧਾਂ ਸੰਤਾਂ ਦੀ ਅਗਵਾਈ ਸਿੱਖ-ਭਾਈਚਾਰੇ ਨੂੰ ਕਿਤੇ ਨਹੀਂ ਪਹੁੰਚਾ ਸਕੇਗੀ।

ਸਿੱਖ-ਧਰਮ ਇਕ ਜਗਤ-ਧਰਮ ਹੈ ਇਸ ਵਿਚ ਸੰਕੀਰਣ ਕੱਟੜਤਾ ਲਈ ਕੋਈ ਥਾਂ ਨਹੀਂ। ਧਰਮ ਦੇ ਖੋਜੀ ਵਿਦਵਾਨਾਂ ਨੂੰ ਸੋਚਣ ਤੇ ਲਿਖਣ ਦੀ ਪੂਰਨ-ਖੁਲ੍ਹ ਦੇਣ ਦੀ ਲੋੜ ਹੈ, ਤਾਂ ਕਿ ਹਰ ਤਰ੍ਹਾਂ ਦੇ ਵਿਚਾਰਾਂ ਦੀ ਅਮੀਰੀ 'ਚੋਂ ਵਿਰੋਧ-ਵਿਕਾਸ ਹੋ ਸਕੇ। ਅੱਜ ਪੰਜਾਬ ਨੂੰ ਆਪਣਾ ਸਾਂਝਾ ਅਫ਼ਿਰਕੂ ਵਿਰਸਾ ਮੁੜ ਖੋਜਣਾ ਪਵੇਗਾ। ਇਸ ਕਾਰਜ ਨੂੰ ਸ਼ੁਰੂ ਕਰਨ ਲਈ ਹਾਲਤ ਨੂੰ ਸਾਵੇਂ ਬਣਾਨ ਦੀ ਬੜੀ ਲੋੜ ਹੈ। ਇਸ ਕੰਮ ਵਿਚ ਹੁਣ ਮੁੱਖ ਜ਼ਿੰਮੇਵਾਰੀ ਕੇਂਦਰੀ ਸਰਕਾਰ ਦੀ ਹੈ। ਸੋ ਕੇਂਦਰੀ ਸਰਕਾਰ ਦੇ ਹੁਣ ਤੱਕ ਦੇ ਅਮਲਾਂ ਉਤੇ ਨਜ਼ਰ ਮਾਰਨੀ ਜ਼ਰੂਰੀ ਹੈ।

## ਅਜੋਕਾ ਪੰਜਾਬ ਅਤੇ ਕੇਂਦਰੀ ਭਾਰਤੀ ਸਰਕਾਰ

ਪੰਜਾਬ ਦੇ ਅਜੋਕੇ ਦੁਖਾਂਤ ਦੀ ਮੁੱਖ ਜ਼ਿੰਮੇਵਾਰ ਕੇਂਦਰੀ ਸਰਕਾਰ ਹੈ। 1947 ਤੋਂ ਲੈ ਕੇ ਪੰਜਾਬ ਨਾਲ ਵਿਤਕਰੇ ਦੀ ਪੱਖਪਾਤੀ ਨੀਤੀ ਉਤੇ ਲਗਾਤਾਰ ਅਮਲ ਹੋ ਰਿਹਾ ਹੈ। ਪੰਜਾਬ ਵਿਚ ਕਿਸੇ ਵੀ ਵੱਡੀ-ਸਨਅਤ ਦੀ ਅਣਹੋਂਦ ਇਸੇ ਨੀਤੀ ਦੀ ਇੱਕ ਕੜੀ ਹੈ ਤਾਂ ਕਿ ਪੰਜਾਬ

## ਬੰਬਈ ਵਿਚ ਇਕ ਹਾਦਸਾ/ਜਗਮੋਹਣ ਜੋਸ਼ੀ ਦੇ ਗੀਤਾਂ ਦੀ ਕੈਸਟ

ਬੰਬਈ ਲੋਕ ਪੱਖੀ ਨਾਟਕਾਂ ਦਾ ਮੇਲਾ 'ਨਾਟ ਯਾਤਰਾ' ਜੋ 1, 2, 3 ਨਵੰਬਰ ਨੂੰ ਹੋਣਾ ਸੀ, ਪ੍ਰਧਾਨ ਮੰਤਰੀ ਦੀ ਹਤਿਆ ਕਰਕੇ ਕੈਂਸਲ ਕਰ ਦਿਤਾ ਗਿਆ, ਪਰ ਹਿੰਦੋਸਤਾਨ ਦੇ ਵੱਖ ਵੱਖ ਹਿਸਿਆਂ ਤੋਂ ਆਈਆਂ ਨਾਟਕ ਟੀਮਾਂ ਨੇ ਛੋਟੇ ਹਾਲਾਂ ਵਿਚ ਆਪਣੇ ਆਪਣੇ ਨਾਟਕ ਵਿਖਾਏ ਅਤੇ ਗੀਤ ਵੀ ਗਾਏ। ਸਾਰੇ ਲੋਕ 6 ਨਵੰਬਰ ਤੱਕ ਵਾਪਸ ਚਲੇ ਗਏ ਪਰ ਦਿੱਲੀ ਅਤੇ ਪੰਜਾਬ ਵੱਲ ਹਾਲੀ ਗੱਡੀਆਂ ਬਕਾਇਦਾ ਨਹੀਂ ਜਾ ਰਹੀਆਂ ਸਨ। ਨਾਟ ਯਾਤਰਾ ਦੇ ਪ੍ਰਬੰਧਕਾਂ ਦਾ ਵਿਚਾਰ ਸੀ ਕਿ ਜਿੰਨਾ ਚਿਰ ਸਫਰ ਵਿਚ ਪੂਰੇ ਬਚਾਅ ਦੀ ਗਰੰਟੀ ਨਹੀਂ ਹੋ ਜਾਂਦੀ, ਪੰਜਾਬ ਦੇ ਟਰੁਪ ਨੂੰ ਵਾਪਸ ਨਹੀਂ ਭੇਜਣਾ। ਬੰਬਈ ਵਿਚ ਹੋਰ ਠਹਿਰਣ ਦੇ ਇਸ ਮੌਕੇ ਨੂੰ ਅਸੀਂ ਆਪਣੇ ਗੀਤਾਂ ਦੀ ਇਕ ਚੰਗੀ ਕੈਸਟ ਬਨਾਉਣ ਲਈ ਠੀਕ ਸਮਝਿਆ। ਜਗਮੋਹਣ ਜੋਸ਼ੀ ਦੀ ਕਿਤਾਬ 'ਪੈਮਾਨੇ ਇਨਕਲਾਬ' ਸਾਡੇ ਕੋਲ ਸੀ, ਇਸ ਵਿਚੋਂ ਬਹੁਤ ਸਾਰੇ ਗੀਤ ਅਸੀਂ ਨਾਟ ਯਾਤਰਾ ਦੇ ਪ੍ਰੋਗਰਾਮ ਵਿਚ ਗਾਏ ਸਨ ਜੋ ਉਥੋਂ ਦੇ ਲੋਕਾਂ ਵਿਚ ਬਹੁਤ ਪਸੰਦ ਕੀਤੇ ਗਏ ਸਨ ਤੇ ਇਹ ਮੰਗ ਹੋਈ ਸੀ ਕਿ ਇਹਨਾਂ ਇਨਕਲਾਬੀ ਗੀਤਾਂ ਨੂੰ ਹਿੰਦੋਸਤਾਨ ਦੇ ਬਾਕੀ ਹਿਸਿਆਂ ਵਿਚ ਵੀ ਪੁਚਾਣਾ ਜ਼ਰੂਰੀ ਹੈ। ਅੱਠ ਗੀਤ ਸਿਆਣੇ ਸਾਜ਼ਿੰਦਿਆਂ ਦੀ ਮਦਦ ਨਾਲ ਪ੍ਰਸਿੱਧ ਸੰਗੀਤ ਨਿਰਦੇਸ਼ਕ ਕੁਲਦੀਪ ਸਿੰਘ ਦੀ ਨਿਗਰਾਨੀ ਵਿਚ ਅਸੀਂ ਇਕ ਸਟੂਡੀਓ ਵਿਚ ਰੀਕਾਰਡ ਕਰਵਾਏ। ਪਰ ਅਗਲੇ ਦਿਨ ਜਦੋਂ ਅਸੀਂ ਮਾਸਟਰ ਕੈਸਟ ਲੈਣ ਗਏ ਤਾਂ ਉਥੇ ਪੁਲੀਸ ਮੌਜੂਦ ਸੀ ਤੇ ਕਹਾਣੀ ਹੋਰ ਹੀ ਬਣ ਚੁੱਕੀ ਸੀ। ਕਿਸੇ ਮੁਖਬਰ ਨੇ ਖਬਰ ਦੇ ਦਿਤੀ ਕਿ ਕੁਝ ਸਰਦਾਰ ਲੋਕ ਸਟੂਡੀਓ ਆਏ ਸਨ, ਉਹਨਾਂ ਨੇ ਬੜੇ ਜੋਸ਼ੀਲੇ ਗੀਤ 'ਖੂਨ ਕਾ ਬਦਲਾ', 'ਦਿੱਲੀ ਦੂਰ ਨਹੀਂ' ਆਦਿਕ ਤਿਆਰ ਕਰਵਾਏ ਹਨ। ਪੁਲਸ ਵਾਲਿਆਂ ਨੇ ਇਹਨਾਂ ਗੀਤਾਂ ਨੂੰ ਭਿੰਡਰਾਂਵਾਲੇ ਦੀ ਅਤਿ-ਵਾਦੀ ਤਹਿਰੀਕ ਨਾਲ ਜੋੜ ਲਿਆ ਸੀ। ਮੈਂ ਉਹਨਾਂ ਨੂੰ ਜਦੋਂ ਸਾਰੇ ਗੀਤਾਂ ਦਾ ਪਿਛੋਕੜ ਸਮਝਾਇਆ ਤਾਂ ਉਹਨਾਂ ਦੀ ਕੁਝ ਕੁਝ ਤਸੱਲੀ ਹੋ ਗਈ ਪਰ ਫੇਰ ਵੀ ਮੈਨੂੰ ਅਤੇ ਬੰਬਈ ਦੇ ਪ੍ਰਬੰਧਕਾਂ ਵਿਚੋਂ ਇਕ ਸਾਥੀ ਨੂੰ ਜੋ ਮੇਰੇ ਨਾਲ ਸੀ ਪੁਲੀਸ ਸਟੇਸ਼ਨ ਲਿਜਾਇਆ ਗਿਆ। ਕਾਫੀ ਲੰਬੀ ਚੌੜੀ ਪੁਛਗਿਛ ਕੀਤੀ ਗਈ ਭਾਵੇਂ ਕੀਤੀ ਦੋਸਤਾਨਾ ਅੰਦਾਜ਼ ਨਾਲ ਹੀ ਸੀ, ਪਰ ਸਮਾਂ ਕਾਫੀ ਲਗ ਗਿਆ। ਇਸ ਦਰਮਿਆਨ ਖਬਰ ਸਾਰੇ ਬੰਬਈ ਫੈਲ ਗਈ ਕਿ ਪੰਜਾਬ ਦੇ ਕਲਾਕਾਰਾਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਪ੍ਰੈਸ ਵਾਲੇ ਵੀ ਆ ਗਏ। ਬੰਬਈ ਥੀਏਟਰ ਦੀਆਂ ਪ੍ਰਸਿਧ ਹਸਤੀਆਂ, ਅਮੋਲ ਪਾਲੇਕਰ, ਜੈਦੇਵ ਅਤੇ ਰੋਹਿਨੀ, ਸਾਗਰ ਸਰਹੱਦੀ, ਰਮੇਸ਼ ਤਲਵਾਰ, ਹੰਗਲ ਸਾਹਿਬ, ਮਨਮੋਹਣ ਕ੍ਰਿਸ਼ਨ, ਸੈਥੀਉ ਆਦਿਕ ਸਾਰੇ ਪੁਲੀਸ ਸਟੇਸ਼ਨ ਆ ਗਏ। ਇਨਕਲਾਬੀ ਗੀਤਾਂ ਬਾਰੇ ਸੁਣ ਕੇ ਬੰਬਈ ਦੀ ਸੀ.ਆਈ.ਡੀ.ਦਾ ਜਿਹੜਾ ਬਾਲਸ਼ਵਿਕ ਸੈਲ ਸੀ, ਉਹ ਵੀ ਹਰਕਤ ਵਿਚ ਆ ਗਿਆ। ਅਸੀਂ ਉਸ ਰਾਤ ਦਿੱਲੀ ਵਲ ਤੁਰ ਪੈਣਾ ਸੀ। ਸਾਰੇ ਕਲਾਕਾਰਾਂ ਨੂੰ ਵੀ ਸਟੇਸ਼ਨ ਤੋਂ ਪੁਲੀਸ ਸਟੇਸ਼ਨ ਲਿਆਂਦਾ ਗਿਆ। ਗੱਲ ਵੱਧਦੀ ਦਿਸਦੀ ਸੀ, ਪਰ ਥੀਏਟਰ ਦੀਆਂ ਪ੍ਰਸਿਧ ਹਸਤੀਆਂ ਦੇ ਸਾਹਮਣੇ ਪੁਲਸ ਵਾਲਿਆਂ ਨੂੰ ਝੁਕਣਾ ਪਿਆ। ਸਾਨੂੰ ਅੱਠ ਵਜੇ ਰਾਤ ਰਿਹਾ ਕਰ ਦਿਤਾ ਗਿਆ। ਭਾਵੇਂ ਇਹ ਕਿਹਾ ਗਿਆ ਕਿ ਅਸੀਂ ਆਪਣੇ ਟਿਕਾਣੇ ਤੋਂ ਅਗਲੇ ਦਿਨ 11 ਵਜੇ ਤੋਂ ਪਹਿਲੇ ਬਾਹਰ ਨਾ ਜਾਈਏ ਤਾਂ ਜੋ ਜੇ ਕੋਈ ਹੋਰ ਪੁਛਗਿਛ ਕਰਨੀ ਹੋਵੇ ਤਾਂ ਕੀਤੀ ਜਾ ਸਕੇ। ਖਿਚਾਅ ਵਾਲੇ ਵਾਤਾਵਰਨ ਵਿਚ ਨਿੱਕੀਆਂ ਗੱਲਾਂ ਕਿਸ ਤਰ੍ਹਾਂ ਵੱਡੀਆਂ ਬਣਦੀਆਂ ਹਨ, ਇਸਦੀ ਇਹ ਇਕ ਮਿਸਾਲ ਸੀ। ਖੈਰ ਅਗੋਂ ਕੁਝ ਨਾ ਹੋਇਆ। ਅਸੀਂ ਪੰਜਾਬ ਆ ਗਏ ਹਾਂ ਪਰ ਮਾਸਟਰ ਟੇਪ ਅਤੇ ਜਗਮੋਹਣ ਜੋਸ਼ੀ ਦੀ ਕਿਤਾਬ ਹਾਲੇ ਪੁਲਸ ਕਬਜ਼ੇ ਵਿਚ ਹੈ। ਬੰਬਈ ਦੇ ਥੀਏਟਰ ਵਰਕਰਾਂ ਨੇ ਇਹ ਜ਼ਿੰਮੇਵਾਰੀ ਲਈ ਹੈ ਕਿ ਉਹ ਇਹ ਟੇਪ ਅਤੇ ਕਿਤਾਬ ਪੁਲਸ ਕੋਲੋਂ ਵਾਪਸ ਲੈ ਕੇ ਸਾਨੂੰ ਭੇਜ ਸਕਣਗੇ। ਇਨਕਲਾਬੀ ਗੀਤਾਂ ਦਾ ਇਹ ਟੇਪ ਸੰਗੀਤ ਦੇ ਲਿਹਾਜ਼ ਨਾਲ ਇਕ ਮਿਸਾਲੀ ਟੇਪ ਬਣੀ ਹੈ। ਇਹਦਾ ਵਾਪਸ ਮਿਲਣਾ ਜ਼ਰੂਰੀ ਹੈ।

ਗੁਰਸ਼ਰਨ ਸਿੰਘ

ਨੂੰ ਸਿਰਫ ਇਕ ਖੇਤੀ ਪ੍ਰਧਾਨ ਪ੍ਰਾਂਤ ਹੀ ਰੱਖਿਆ ਜਾ ਸਕੇ। ਪੰਜਾਬ ਵਿਚ ਛੋਟੀ ਸਨਅਤ ਦੀ ਕੁੱਝ ਉਨਤੀ ਕੇਂਦਰੀ ਸਰਕਾਰ ਦੇ ਕਾਰਨ ਨਹੀਂ ਸਗੋਂ ਉਸ ਦੇ ਬਾਵਜੂਦ, ਲੋਕਾਂ ਦੇ ਨਿੱਜੀ ਉਪਰਾਲੇ ਨਾਲ ਹੋਈ ਹੈ। ਕੇਂਦਰੀ ਸੂਬਾਈ ਸਿਆਸਤਦਾਨਾਂ ਅਤੇ ਦਫਤਰ ਸ਼ਾਹੀ ਵੱਲੋਂ ਇਸ ਉਨਤੀ ਦੇ ਰਾਹ ਵਿਚ ਅਟਕਾਏ ਜਾਣ ਵਾਲੇ ਰੋੜਿਆਂ ਦਾ ਕੀ ਅੰਤ ਹੈ। ਪਹਿਲੀ ਦਰਖਾਸਤ ਤੋਂ ਲੈ ਕੇ ਮਾਲ ਬਨਾਣ, ਵੇਚਣ ਤੱਕ ਵਿਛਿਆ ਹੋਇਆ ਰਿਸ਼ਵਤ ਖੋਰੀ ਦਾ ਜਾਲ ਬੜਾ ਸੰਘਣਾ ਅਤੇ ਮਾਰੂ ਹੈ। ਜਿਸਨੂੰ ਕੋਈ ਸਿਆਸਤਦਾਨ ਭੁਲਿਆ ਹੋਇਆ ਨਹੀਂ ਕਿਉਂਕਿ ਉਪਰ ਤੋਂ ਥੱਲੇ ਤੱਕ ਸਭ ਨੂੰ ਹਿੱਸਾ ਪਹੁੰਚਦਾ ਹੈ।

ਕੇਂਦਰੀ ਸਰਕਾਰ ਦਾ ਇਹ ਪੰਜਾਬ-ਵਿਰੋਧੀ ਪੱਖਪਾਤ ਸਭ ਤੋਂ ਵੱਧ ਪੂਰਬੀ ਪੰਜਾਬ ਦੀ ਬੋਲੀ-ਆਧਾਰਿਤ ਨਵੀਂ ਵੰਡ ਵੇਲੇ ਨੰਗਾ ਹੋਇਆ ਜਦੋਂ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖੇ

ਗਏ। ਇਹ ਕਰਨ ਲਈ ਜਨ-ਗਣਨਾ ਨੇ ਬੋਲੀ-ਖਾਨੇ ਵਿਚਲੇ ਝੂਠ ਨੂੰ ਅਧਾਰ ਬਣਾ ਕੇ ਵਰਤਿਆ ਗਿਆ। ਪਾਣੀਆਂ ਦਾ ਕੰਟਰੋਲ ਆਪਣੇ ਹੱਥ ਵਿਚ ਲੈ ਕੇ ਬਾਂਦਰ-ਵੰਡ ਦੀ ਖੇਡ ਖੇਡਣ ਲਈ ਨੀਂਹ ਰੱਖ ਲਈ ਗਈ ਅਤੇ ਪੰਜਾਬ, ਹਿਮਾਚਲ, ਹਰਿਆਣਾ ਅਤੇ ਰਾਜਿਸਥਾਨ ਦੇ ਸੀਨ ਉਤੇ ਸਦਾ ਲਈ ਸੇਹ ਦਾ ਤਕਲਾਗੱਡ ਦਿੱਤਾ ਗਿਆ।

ਪੰਜਾਬ ਵਿਚ ਅਕਾਲੀ ਵਜ਼ਾਰਤਾਂ ਦੇ ਸਮੇਂ ਵਿਰੋਧੀ ਪਾਰਟੀ ਰਾਜ ਸਮਝ ਕੇ ਸਿੱਧੀ ਦੁਸ਼ਮਣੀ ਕੀਤੀ ਗਈ। ਕਾਂਗਰਸ ਵਜ਼ਾਰਤਾਂ ਸਮੇਂ ਇਹੀ ਨੀਤੀ ਜਾਰੀ ਰਹੀ ਕਿਉਂਕਿ ਕਮਜ਼ੋਰ-ਕਾਂਗਰਸੀ ਚੀਫ ਮਨਿਸਟਰ ਦੀ ਜਾਨ ਪ੍ਰਧਾਨ ਮੰਤਰੀ ਨੇ ਬੋਤਲ ਵਿਚ ਬੰਦ ਕਰਕੇ ਆਪਣੇ ਕੋਲ ਰੱਖੀ ਹੁੰਦੀ ਸੀ।' ਸਿਰਫ ਕੈਰੋਂ-ਕਾਲ ਵਿਚ ਕੁੱਝ ਸਮਾਂ ਚੀਫ ਮਨਿਸਟਰ ਨੇ ਆਪਣੀ ਸਿਆਸੀ ਸਿਆਣਪ ਨਾਲ ਪੰਜਾਬ ਲਈ ਕੁੱਝ ਪ੍ਰਾਪਤੀਆਂ ਕੀਤੀਆਂ ਅਤੇ ਕੇਂਦਰ ਤੋਂ ਕੁੱਝ ਹੱਕੀ ਸਹਾਇਤਾ ਲਈ। ਹੁਣ ਤਾਂ ਇਸ ਨੀਤੀ ਨੇ ਲਹੂ ਦੇ ਦਰਿਆ ਵਗਾ ਦਿੱਤੇ ਨੇ। ਕੀ ਅਜੋਕੀ ਹਾਲਤ ਕੇਂਦਰੀ ਸਰਕਾਰ ਨੇ ਥੇ ਫੈਸਲਾ ਲਮਕਾਅ ਦੀ ਨੀਤੀ ਅਨੁਸਾਰ ਜਾਣ ਬੁੱਝ ਕੇ ਵਿਉਂਤ ਅਨੁਸਾਰ ਪੈਦਾ ਕੀਤੀ ਹੈ ? ਜਾਂ ਘਟਨਾਵਾਂ ਦੀ ਲੰਮੀ ਲੜੀ ਨੇ ਹਾਲਤ ਸਰਕਾਰ ਦੇ ਵਸੋਂ ਬਾਹਰ ਕਰ ਦਿੱਤੀ ਹੈ ? ਇਸ 'ਚੋਂ ਸੱਚ ਕੀ ਹੈ ? ਸਰਕਾਰ ਹੀ ਜਾਣੇ ਤੇ ਦੱਸੇ। ਪਰ ਅਸੀਂ ਦੇਖ ਚੁੱਕੇ ਹਾਂ ਕਿ ਸਰਕਾਰ ਦੇ ਨੇੜੇ ਵਾਲੇ ਲੋਕਾਂ ਨੇ ਅਤਿਵਾਦੀ ਧੜੇ ਨੂੰ ਵਿਉਂਤ ਨਾਲ ਕਾਇਮ ਕੀਤਾ, ਉਭਾਰਿਆ ਅਤੇ ਮੋਹਰੀ ਪੁਜ਼ੀਸ਼ਨ ਉੱਤੇ ਪਹੁੰਚਣ ਲਈ ਢੁੱਕਵੀਆਂ ਚਾਲਾਂ ਚੱਲੀਆਂ ਅਤੇ ਢੁੱਕਵੇਂ ਹਾਲਾਤ ਮੁਹੱਈਆ ਕੀਤੇ. ਪੰਜਾਬ ਦੀਆਂ ਸਾਂਝੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਸਮਝੌਤਾ ਕਰਨ ਵਿਚ ਦੋ ਸਾਲ ਤੋਂ ਵੱਧ ਸਮਾ ਜਾਣ ਬੁੱਝ ਕੇ ਦੇਰ ਕੀਤੀ, ਇਸ ਖਾਤਰ ਵਾਰ ਵਾਰ ਹੋਇਆ ਸਮਝੌਤਾ ਤੋੜਿਆ। ਸਰਕਾਰੀ ਅਤੇ ਅਤਿਵਾਦੀ ਹਿੰਸਾ ਦਾ ਸ਼ਿਕਾਰ ਲੋਕਾਂ ਦੀ ਬੇਲੋੜੀ ਅਤੇ ਬੇਰਹਿਮ ਬਲੀ ਲਗਾਤਾਰ ਦਿੱਤੀ ਗਈ ਅਮਨ-ਚੈਨ ਕਾਇਮ ਰੱਖਣ ਵਿਚ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋਈ। ਸੈਂਕੜੇ ਕਤਲ ਹੋਏ।

ਕੋਈ ਕਾਤਲ ਫੜ੍ਹ ਕੇ ਅਦਾਲਤਾਂ ਸਾਹਮਣੇ ਪੇਸ਼ ਨਹੀਂ ਕੀਤੇ ਜਾ ਸਕੇ। ਫਿਰ ਫੌਜੀ ਕਾਰਵਾਈ ਸਮੇਂ ਅੱਤਵਾਦੀਆਂ ਜਾਂ ਹੋਰ ਕਾਤਿਲਾਂ ਦੀਆਂ ਲਿਸਟਾਂ ਇਕ ਦਮ ਦਮ ਕਿਵੇਂ ਮੁਕੰਮਲ ਹੋ ਗਈਆਂ। ਜਾਪਦਾ ਹੈ ਗ੍ਰਿਫਤਾਰੀਆ ਕਰਨ ਵਿਚ ਹੋਈ ਢਿੱਲ ਸੋਝੀ ਸਮਝੀ ਪਾਲਿਸੀ ਸੀ ਤਾਂ ਕਿ ਆਖਰੀ ਫੌਜੀ-ਦਖਲ ਲਈ ਲੋਕ-ਰਾਇ ਉਭਾਰ ਲਈ ਜਾਵੇ ਅਤੇ ਉਸ ਨੂੰ ਲਾਜ਼ਮੀ ਸਿੱਧ ਕੀਤਾ ਜਾ ਸਕੇ। ਕੀ ਪਤਾ ਸਿੱਖ ਲੀਡਰਾਂ ਦੇ ਇਨ੍ਹਾਂ ਇਲਜ਼ਾਮਾਂ ਵਿਚ ਵੀ ਕਿੰਨੀ ਸੱਚਾਈ ਹੈ ਕਿ ਅਨੇਕਾਂ ਕਤਲ ਸਰਕਾਰ ਦੇ ਆਪਣੇ ਏਜੰਟਾਂ ਨੇ ਹਾਲਾਤ ਵਿਗਾੜਨ ਲਈ ਕੀਤੇ ਅਜੇਹੇ-ਇਲਜ਼ਾਮ ਪ੍ਰੋ: ਮੇਹਰਚੰਦ ਭਾਰਦਵਾਜ, ਸ੍ਰੀ ਜੇਠ ਮਿਲਾਨੀ ਜਨਤਾ ਲੀਡਰ ਅਤੇ ਹੋਰ ਕਈ ਗੈਰ-ਸਿੱਖ ਲੀਡਰਾਂ ਵੱਲੋਂ ਵੀ ਸਰਕਾਰ ਉਤੇ ਲਾਏ ਗਏ ਨੇ। ਪੰਜਾਬ ਤੋਂ ਬਿਨਾਂ ਹੋਰ ਸੂਬਿਆਂ ਵਿਚ ਜਿਥੇ ਗੈਰ-ਕਾਂਗਰਸੀ ਵਜ਼ਾਰਤਾਂ ਹਨ ਉਥੇ ਵੀ ਅਜੇਹੇ ਫਿਰਕੂ ਦੰਗੇ ਕਰਵਾਏ ਗਏ ਤਾਂ ਕਿ ਕੇਂਦਰੀ ਸਰਕਾਰ ਦਾ ਦਖ਼ਲ ਜਾਇਜ਼ ਬਣ ਸਕੇ ਅਤੇ ਉਥ ਪ੍ਰਧਾਨ ਮੰਤਰੀ ਦੀ ਪਸੰਦ ਦੀ ਹੀ ਵਜ਼ੀਰੀ-ਟੋਲੀ ਰਾਜ਼ ਕਰੇ। ਕਸ਼ਮੀਰ ਅਤੇ ਆਂਧਰਾ ਇਸ ਦੀਆਂ ਸੱਜਰੀਆਂ ਮਿਸਾਲਾਂ ਹਨ। ਇਸ ਕੰਮ ਲਈ ਅਸੈਂਬਲੀ ਮੈਂਬਰ ਦੀ ਦਲ-ਬਦਲੀ ਦੀ ਕੀਮਤ ਵੀਹ ਲੱਖ ਰੁਪਏ ਤੱਕ ਅਦਾ ਕੀਤੀ ਗਈ ਹੈ।'

ਸੋ ਅੱਜ ਕੇਂਦਰੀ ਸਰਕਾਰ ਦਾ ਦਾਮਨ ਬਹੁਤ ਦਾਗਦਾਰ ਹੈ। ਜੇ ਨਹੀਂ ਤਾਂ ਕੇਂਦਰੀ ਸਰਕਾਰ ਦੀ ਕਾਂਗਰਸੀ ਬਹੁ ਸੰਮਤੀ ਤਕੜੀ ਹੈ ਹੀ, ਕਿਉਂ ਨਹੀਂ ਉਹ ਦਲ ਬਦਲੀ ਵਿਰੁੱਧ ਇਕ ਕਰੜਾ ਕਾਨੂੰਨ ਤੁਰੰਤ ਪਾਸ ਕਰ ਦਿੰਦੀ ਕਿ ਹਰ ਦਲ ਬਦਲੂ ਨੂੰ ਅਸੈਂਬਲੀ ਜਾਂ ਪਾਰਲੀਮੈਂਟ ਤੋਂ ਅਸਤੀਫਾ ਦੇਣਾ ਪਵੇਗਾ ਅਤੇ ਉਹ ਅਗਲੇ ਛੇ ਸਾਲ ਲਈ ਉਮੀਦਵਾਰ ਦੇ ਤੌਰ ਤੇ ਖੜਾ ਵੀ ਨਹੀਂ ਹੋ ਸਕਦਾ ? ਇਸ ਮਾਮਲੇ ਵਿਚ ਵਿਰੋਧੀ ਪਾਰ-ਟੀਆਂ ਦੀ ਬੇਅਮਲੀ ਵੀ ਸਮਝ ਨਹੀਂ ਆਉਂਦੀ ਅਤੇ ਉਹ ਮੁਜਰਿਮਾਨਾਂ ਹੈ ਉਹ ਆਪ ਇਕ ਪ੍ਰਾਈਵੇਟ ਮੈਂਬਰ ਦਾ ਬਿੱਲ, ਦਲ ਬਦਲੀ ਵਿਰੁੱਧ, ਪੇਸ਼ ਕਰਨ ਤੇ ਨਤੀਜੇ ਦੇ ਤੌਰ ਤੇ ਕਾਂਗਰਸ ਦਾ ਕਿਰਦਾਰ ਨੰਗਾ ਕਰਨ, ਨਹੀਂ ਤਾਂ ਉਹ ਵੀ ਬਰਾਬਰ ਦੇ ਦੋਸ਼ੀ ਹਨ। ਕੀ ਉਹਨਾਂ 'ਚੋਂ ਵੀ ਕਈਆਂ ਨੇ ਆਪਣੀ ਕੀਮਤ ਪਵਾਣ ਦੀ ਆਸ ਲਾਈ ਹੋਈ ਹੈ ?

ਅੱਜ ਕੇਂਦਰੀ ਸਰਕਾਰ ਵਿਰੁੱਧ ਕਈ ਤਰ੍ਹਾਂ ਦੇ ਇਲਜ਼ਾਮ ਲਾਏ ਜਾ ਰਹੇ ਹਨ। ਇਕ ਵਿਚਾਰ ਇਹ ਹੈ ਕਿ ਮਾਣਮੱਤੇ, ਸ਼ਕਤੀਸ਼ਾਲੀ ਪੰਜਾਬੀ ਲੋਕਾਂ ਨੂੰ ਨੀਵਾਂ ਦਿਖਾ ਕੇ ਕੇਂਦਰ ਬਾਕੀ ਦੇ ਸੂਬਿਆਂ ਦੇ ਸਾਊ ਲੋਕਾਂ ਨੂੰ ਸਬਕ ਦੇ ਰਿਹਾ ਹੈ। ਦੂਜਾ ਵਿਚਾਰ ਹੈ ਕਿ ਪੰਜਾਬ ਵਿਚ ਫੌਜੀ ਕਾਰਵਈ ਅਤੇ ਲੰਮਾ ਫੌਜੀ ਰਾਜ ਕਿਸੇ ਆਉਣ ਵਾਲੇ ਕਾਲੇ ਭਵਿੱਖ ਦਾ ਤਜਰਬਾ ਹੈ। ਰੱਬ ਕਰੇ ਇਹ ਇਲਜ਼ਾਮ ਗਲਤ ਹੋਣ ਪਰ ਕੇਂਦਰੀ ਸਰਕਾਰ ਇਨ੍ਹਾਂ ਇਲਜ਼ਾਮਾਂ ਤੋਂ ਤਾਂ ਹੀ ਬਰੀ ਹੋ ਸਕਦੀ ਹੈ ਜੇ ਉਹ ਪੰਜਾਬ ਦੇ ਹਾਲਾਤ ਨੂੰ ਸਾਵੇਂ ਬਨਾਣ ਲਈ ਤੁਰੰਤ ਲੋੜੀਂਦੇ ਕਦਮ ਚੁੱਕੇ। ਹੇਠਾਂ ਕੁਝ ਸੁਝਾਅ ਹਾਜ਼ਰ ਹਨ :

1. ਫੌਜ ਜਲਦੀ ਤੋਂ ਜਲਦੀ ਵਾਪਸ ਬੁਲਾਈ

ਜਾਵੇ ਅਤੇ ਲੋਕਰਾਜ ਬਹਾਲ ਕੀਤਾ ਜਾਵੇ । 2. ਪੁਲਸੀ ਤਾਨਾਸ਼ਾਹੀ, ਅਫਸਰਸ਼ਾਹੀ, ਰਾਜਸੀ ਅਤੇ ਪ੍ਰਬੰਧਕੀ ਜੀਵਨ 'ਚੋਂ ਰਿਸ਼ਵਤ ਖੋਰੀ ਦੇ ਮਾਰੂ ਜਾਲ ਵਿਰੁੱਧ ਸਖਤ ਕਦਮ ਚੁੱਕੇ ਜਾਣ, ਤਾਂ ਹੀ ਪ੍ਰਬੰਧਕੀ ਢਾਂਚੇ ਵਿਚ ਲੋਕਾਂ ਦਾ ਵਿਸ਼ਵਾਸ ਬਹਾਲ ਹੋ ਸਕੇਗਾ । 3. ਕੇਂਦਰੀ ਸਰਕਾਰ ਇਕ ਖਾਸਤ ਤੌਰ ਤੇ ਹੀ ਪੰਜਾਬ ਦੀਆਂ ਸਾਂਝੀਆਂ ਹੱਕੀ ਮੰਗਾਂ ਮੰਨਣ ਦਾ ਐਲਾਨ ਕਰੇ ਤਾਂ ਕਿ ਡੂੰਘੇ ਜ਼ਖ਼ਮਾਂ ਉਤੇ ਅੰਗੂਰ ਆਣ ਦਾ ਲੰਮਾ ਅਮਲ ਸ਼ੁਰੂ ਹੋ ਸਕੇ ।

ਪੰਜਾਬ ਦੀ ਹਿੰਦੂ ਵਸੋਂ ਦਾ ਦੁੱਖ ਸੁੱਖ ਅਤੇ ਭਵਿੱਖ ਪੰਜਾਬ ਦੇ ਬਾਕੀ ਲੋਕਾਂ ਨਾਲ ਹੀ ਬੰਨ੍ਹਿਆ ਹੋਇਆ ਹੈ । ਉਨ੍ਹਾਂ ਨੂੰ ਪੰਜਾਬ ਅਤੇ ਮਾਂ-ਬੋਲੀ ਪੰਜਾਬੀ ਨਾਲੋਂ ਆਪਣਾ ਮੋਹ ਕਿਸੇ ਵੀ ਕਾਰਨ ਤੋੜਨਾ ਨਹੀਂ ਚਾਹੀਦਾ । ਕੁਝ ਕੱਟੜ ਆਰੀਆ ਸਮਾਜੀ ਅਖ਼ਬਾਰਾਂ ਵਾਲਿਆਂ ਨੇ ਤਾਂ ਆਪਣਾ ਤੋਰੀ-ਫੁਲਕਾ ਚਲਾਣਾ ਹੈ ਉਨ੍ਹਾਂ ਦੇ ਪਿਛੇ ਲੱਗ ਕੇ ਪੰਜਾਬੀ ਹਿੰਦੂ ਦਾ ਭਵਿੱਖ ਰੋਸ਼ਨ ਨਹੀਂ ਹੁੰਦਾ । ਉਨ੍ਹਾਂ ਨੂੰ ਦਿੱਲੀ ਵੱਲ ਝਾਕਣ ਦੀ ਗੈਰ ਕੁਦਰਤੀ ਆਦਤ ਛੱਡ ਦੇਣੀ ਚਾਹੀਦੀ ਹੈ, ਦਿੱਲੀ ਸਿਰਫ ਉਨ੍ਹਾਂ ਦੀ ਵੋਟ ਚਾਹੁੰਦੀ ਹੈ, ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਨਹੀਂ । ਇਹ ਵੋਟ ਰਾਖਵੀਂ ਕਰਨ ਲਈ ਦਿੱਲੀ ਭਵਿੱਖ ਵਿਚ ਵੀ ਸਮੇਂ ਸਮੇਂ ਵੱਖਰੇ ਵੱਖਰੇ ਡਰਾਉਣੇ ਅੱਤਵਾਦ ਖੜੇ ਕਰੇਗੀ । ਅੱਜ ਲੋਕਾਂ ਨੂੰ ਆਪਣੇ ਸਿਆਸੀ ਰਾਖਿਆਂ ਦੀਆਂ ਚਾਲਾਂ ਨੂੰ ਸਮਝਣ ਦੀ ਲੋੜ ਹੈ, ਨਹੀਂ ਤਾਂ ਉਹ ਗਰੀਬ ਰੰਡੀ ਦਾ ਪੁੱਤ ਮਰਵਾ ਕੇ ਵੀ ਮਾਂ ਦੀ ਵੋਟ ਪੱਕੀ ਕਰਨ ਤੋਂ ਨਹੀਂ ਸੰਗਦੇ ।

ਦੁੱਖ ਦੀ ਇਸ ਘੜੀ ਪੰਜਾਬੀ ਲੋਕ ਆਪਣੇ ਤੋਂ ਦੂਜੇ ਧਰਮ ਦੇ ਭਰਾਵਾਂ ਦੇ ਜ਼ਖ਼ਮਾਂ ਉਤੇ ਮੁਹੱਬਤ ਦੀ ਮਲ੍ਹਮ ਲਾਣ ਦਾ ਉਪਰਾਲਾ ਕਰਨ । ਪਿਛਲੇ ਸਮੇਂ ਵਿਚ ਹੋਈਆਂ ਕੁਝ ਗ਼ਲਤੀਆਂ ਵੱਲ ਪਿੱਠ ਕਰਕੇ ਪੰਜਾਬ ਅਤੇ ਪੰਜਾਬੀ ਦੀ ਸੇਵਾ ਲਈ ਸਾਂਝੇ ਲੋਕ-ਮੰਘਰਸ਼ਾਂ ਵਿਚ ਮੋਹਰੀ ਹੋ ਕੇ ਹਿੱਸਾ ਪਾਣ; ਤਾਂ ਹੀ ਪੰਜਾਬ ਆਪਣੀਆਂ ਸੰਭਾਵਨਾਵਾਂ ਦੀਆਂ ਸਿਖਰਾਂ ਛੋਹ ਸਕੇਗਾ ।

o

## ਵਲੈਤ ਦੇ ਲਿਖਾਰੀਆਂ ਵਲੋਂ ਬਾਈ ਕੰਵਲ ਵਲ ਇਕ ਸੁਨਿਹਾ

ਅਸੀਂ ਬਾਈ ਕੰਵਲ ਵੱਲ ਇਹ ਸੁਨਿਹਾ ਸਮਤਾ ਦੇ ਰਾਹੀਂ ਭਜ ਰਹੇ ਹਾਂ ਤਾਂ ਜੋ ਪੰਜਾਬ ਦੇ ਲੇਖਕਾਂ ਅਤੇ ਪਾਠਕਾਂ ਨੂੰ ਆਪਣੇ ਵਿਚਾਰਾਂ ਤੋਂ ਜਾਣੂੰ ਕਰਵਾ ਸਕੀਏ । ਅਸੀਂ ਸਮਝਦੇ ਹਾਂ ਕਿ ਪੰਜਾਬੀ ਸਾਹਿਤ ਟਰੱਸਟ ਢੁਡੀਕੇ ਵਲੋਂ ਬਾਵਾ ਬਲਵੰਤ ਅਤੇ ਬਲਰਾਜ ਸਾਹਨੀ ਦੀ ਯਾਦ ਵਿਚ ਦਿਤੇ ਜਾ ਰਹੇ ਸ. ਖੁਸ਼ਵੰਤ ਸਿੰਘ ਅਤੇ ਸਰਦਾਰਨੀ ਅਜੀਤ ਕੌਰ ਨੂੰ ਸਨਮਾਨ ਸਹੀ ਸ਼ਬਦਾਂ ਵਿਚ ਬਲਰਾਜ ਸਾਹਨੀ ਅਤੇ ਬਾਵਾ ਬਲਵੰਤ ਦਾ ਅਪਮਾਨ ਹੈ । ਪੰਜਾਬੀ ਸਾਹਿਤ ਟਰੱਸਟ ਢੁਡੀਕੇ, ਵਲੈਤ ਵਿਚ ਰਹਿੰਦੇ ਪੰਜਾਬੀ ਲੇਖਕਾਂ ਦੇ ਤੁਆਵਨ ਨਾਲ ਹੀ ਕਾਇਮ ਹੋ ਸਕਿਆ ਸੀ । ਇਸਦੀ ਸਥਾਪਤੀ ਲਈ ਸ਼ੇਰਜੰਗ ਜ ਗਲੀ ਨੇ ਵੀ ਬੜੀ ਦਿਲਚਸਪੀ ਵਿਖਾਈ ਸੀ । ਇਸ ਟਰੱਸਟ ਦੀ ਵੱਡੀ ਰਕਮ ਬਾਹਰਲੇ ਦੇਸ਼ਾਂ ਵਿਚ ਵੱਸੇ ਪੰਜਾਬੀ ਕਾਮਿਆਂ ਨੇ ਆਪਣੀ ਹੱਡ ਤੋੜਵੀਂ ਕਮਾਈ ਵਿਚੋਂ ਦਿਤੀ ਸੀ, ਕਿਉਂਕਿ ਉਹ ਬਲਰਾਜ ਸਾਹਨੀ ਅਤੇ ਬਾਵਾ ਬਲਵੰਤ ਨੂੰ ਸਤਿਕਾਰਦੇ ਸਨ । ਉਹ ਪੰਜਾਬੀ ਬੋਲੀ ਭਾਵ ਆਪਣੀ ਮਾਤ ਭਾਸ਼ਾ ਨੂੰ ਪਿਆਰ ਕਰਦੇ ਸਨ । ਇਸ ਲਈ ਉਨ੍ਹਾਂ ਖੁਲ੍ਹੇ ਦਿਲ ਨਾਲ ਪੌਂਡ ਕੰਵਲ ਨੂੰ ਦਿਤੇ ਸਨ ਕਿਉਂਕਿ ਕੰਵਲ ਦਾ ਸੋਸ਼ਲਿਸਟ ਜਾਂ ਅਗਾਂਹ-ਵਧੂ ਲਿਖਾਰੀ ਵਾਲਾ ਬੁਰਕਾ ਹਾਲੇ ਪਾਟਾ ਨਹੀਂ ਸੀ । ਹੁਣ ਕੰਵਲ ਬਾਈ ਉਹ ਕੰਵਲ ਨਹੀਂ ਰਿਹਾ । ਬਾਈ ਨੇ ਆਪਣੀ ਵਲੈਤ ਫੇਰੀ ਦੌਰਾਨ ਅਵਾਸੀਆਂ ਬਾਰੇ ਇਹ ਬਿਆਨ ਦੇ ਦਿਤਾ ਸੀ ਕਿ ਨਾਜ਼ੀ ਜਮਾਤ ਨੈਸ਼ਨਲ ਫਰੰਟ ਦੀ ਨੀਤੀ ਠੀਕ ਹੈ । ਈਨੋਕ ਪਾਵਲ ਹੱਕੀ ਹੈ, ਜਦ ਉਹ ਇਹ ਆਖਦਾ ਹੈ ਕਿ ਰੰਗਦਾਰਾਂ ਨੂੰ ਵਾਪਸ ਭੇਜ ਦਿਤਾ ਜਾਣਾ ਚਾਹੀਦਾ ਹੈ । ਕੰਵਲ ਨੇ ਖੁਦ ਆਪ ਤਾਂ ਹੁਣ ਹੀ ਉਲਟਬਾਜ਼ੀ ਮਾਰੀ ਹੈ, ਪਰ ਸਰਦਾਰਨੀ ਅਜੀਤ ਕੌਰ ਅਤੇ ਸਰਦਾਰ ਖੁਸ਼ਵੰਤ ਸਿੰਘ ਦਾ ਸਰਕਾਰ ਪ੍ਰਸਤ ਰੀਕਾਰਡ ਕਿਸੇ ਕੋਲੋਂ ਭੁਲਿਆ ਹੋਇਆ ਨਹੀਂ । ਇਹ ਸਰਦਾਰਨੀ ਅਜੀਤ ਕੌਰ ਬੀਬੀ ਇੰਦਰਾ ਗਾਂਧੀ ਦੇ ਸੋਹਲੇ ਗਾਂਦੀ ਕਦੀ ਥੱਕਦੀ ਨਹੀਂ ਸੀ । ਐਮਰਜੈਂਸੀ ਵਿਚ ਇਹ ਅਮ੍ਰਿਤਾ ਪ੍ਰੀਤਮ ਦੇ ਨਾਲ ਇੰਦਰਾ ਗਾਂਧੀ ਦੀ ਵੱਡੀ ਹਮਾਇਤਨ ਸੀ । ਇਹ ਅਮ੍ਰਿਤਾ ਪ੍ਰੀਤਮ ਉਹੀ ਹੈ, ਜਿੰਨੇ ਸਨਸਟੋਕ ਦੇ ਹਮਲੇ ਨਾਲ ਸੜਕ ਤੇ ਡਿੱਗੇ ਹੋਏ ਮਹਾਨ ਕਵੀ ਬਾਵਾ ਬਲਵੰਤ ਦੀ ਪਛਾਣ ਕਰਨ ਤੋਂ ਨਾਂਹ ਕਰ ਦਿੱਤੀ ਸੀ । ਸ. ਖੁਸ਼ਵੰਤ ਸਿੰਘ, ਕਦੀ ਵੀ ਪੰਜਾਬੀ ਜ਼ਬਾਨ ਵਿਚ ਨਹੀਂ ਲਿਖਦੇ, ਸਗੋਂ ਇਸਨੂੰ ਘਟੀਆ ਜ਼ਬਾਨ ਹੀ ਸਮਝਦੇ ਰਹੇ ਹਨ । ਇਨ੍ਹਾਂ ਦਾ ਸਰਕਾਰੀ ਰਿਕਾਰਡ ਇਹੋ ਜਿਹਾ ਹੈ ਕਿ ਇਹਨਾਂ ਨੂੰ ਨਹਿਰੂ ਖਾਨਦਾਨ ਦੀ ਸੇਵਾ ਕਰਨ ਕਰਕੇ 'ਖੁਸ਼ਾਮਦ ਸਿੰਘ' ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਕੰਵਲ ਬਾਈ ਨੇ ਇਹਨਾਂ ਦੋਵਾਂ ਨੂੰ ਇਨਾਮ ਇਸ ਲਈ ਦਿੱਤਾ ਹੈ ਕਿਉਂਕਿ ਦੋਨਾਂ ਦੀ ਹੁਣੇ ਹੁਣੇ 'ਸਿੱਖ ਜ਼ਮੀਰ' ਜਾਗੀ ਹੈ । ਓਪਰੇਸ਼ਨ ਬਲਿਊ ਸਟਾਰ ਬਾਅਦ ਇਹ ਉਂਗਲੀ ਤੇ ਲਹੂ ਲਾ ਕੇ ਸ਼ਹੀਦਾਂ ਦੀ ਕਤਾਰ ਵਿਚ ਆ ਖਲੋਤੇ ਹਨ । ਪੰਜਾਬੀ ਜ਼ਬਾਨ ਦੇ ਦੋ

ਮਹਾਨ ਸਪੁੱਤਾਂ ਦੇ ਨਾਂ ਨਾਲ ਜੁੜੇ ਸਨਮਾਨਾਂ ਨੂੰ ਐਸੀਆਂ ਦੋ ਸ਼ਖਸੀਅਤਾਂ ਨੂੰ ਦੇਣਾ ਜਿਨ੍ਹਾਂ ਦਾ ਪਿਛਲਾ ਸਾਰਾ ਰੀਕ੍ਰਾਰਡ ਲੋਕ ਵਿਰੋਧੀ ਰਿਹਾ ਹੈ, ਇਕ ਮੁਆਫ ਨਾਂ ਕਰਨ ਵਾਲਾ ਗੁਨਾਹ ਹੈ। ਇਹ ਗੱਲ ਅਸੀਂ ਬਾਈ ਕੰਵਲ ਨੂੰ ਕਹਿ ਰਹੇ ਹਾਂ, ਕਿਉਂਕਿ ਸਾਡੀ ਹੱਡ ਪਸੀਨੇ ਦੀ ਕਮਾਈ ਇਹ ਟਰੱਸਟ ਡੁਬਾਉਣ ਵਿਚ ਲੱਗੀ ਹੋਈ ਹੈ। ਅਸੀਂ ਇਸ ਗੁਨਾਹ ਵਿਚ ਭਾਗੀ ਨਹੀਂ ਬਣਨਾ ਚਾਹੁੰਦੇ।

ਸੋਹਣ ਸਿੰਘ ਤੇ ਹੋਰ ਲੇਖਕ
*ਲੰਡਨ ਤੇ ਬਰਮਿੰਘਮ*

## ਪੁਸਤਕ ਰੀਵੀਊ : ੦ ਪਹੁੰਚੇ ਹਾਂ ਕਿਸ ਮੁਕਾਮ 'ਤੇ ੦ ਪ੍ਰਕਾਸ਼ਕ ਪਲਸ ਮੰਚ

ਇਹ ਕਿਤਾਬ 28 ਨਵੰਬਰ 84 ਨੂੰ ਚੰਡੀਗੜ੍ਹ ਵਿਖੇ ਹੋਏ ਵਿਸ਼ਾਲ ਸਾਹਿਤਕ ਸਮਾਗਮ ਜਿਹੜਾ ਕਿ ਪਲਸ ਮੰਚ ਵਲੋਂ ਕਰਵਾਇਆ ਗਿਆ ਸੀ ਤੇ ਰਲੀਜ਼ ਕੀਤੀ ਗਈ ਕਿਤਾਬ ਵਿਚ ਵੱਖ ਵੱਖ ਕਵੀਆਂ ਸਾਹਿਤਕਾਰਾਂ ਅਤੇ ਲੇਖਕਾਂ ਦੀਆਂ ਰਚਨਾਵਾਂ ਪੜ੍ਹ ਕੇ ਮੈਨੂੰ ਇਹ ਮਹਿਸੂਸ ਹੋਇਆ ਕਿ ਕੁਝ ਕੁ ਅਗਾਂਹਵਧੂ ਲੋਕ ਪੱਖੀ ਲਿਖਾਰੀਆਂ ਤੋਂ ਬਗੈਰ ਬਾਕੀ ਦੇ ਲਿਖਾਰੀਆਂ ਦੀ ਰਚਨਾਵਾਂ ਹਕੀਕਤ ਨਾਲ ਮੇਲ ਨਹੀਂ ਖਾਂਦੀਆਂ ਜਾਂ ਅਧੂਰੀਆਂ ਹਨ ਕਿਉਂਕਿ ਜਦੋਂ ਅਸੀਂ ਇਕ ਇਹੋ ਜਹੇ ਦੌਰ 'ਚ ਗੁਜ਼ਰਦੇ ਹੋਈਏ ਜਿਥੇ ਫ੍ਰਿਕਾਪ੍ਰਸਤੀ ਦੀ ਅੱਗ ਨੇ ਸਮਾਨ ਨੂੰ ਛੂਹਿਆ ਹੋਵੇ ਮਹਿੰਗਾਈ ਭ੍ਰਿਸ਼ਟਾਚਾਰੀ ਗੁੰਡਾਗਰਦੀ ਖੁਦਗਰਜ਼ੀ ਬੇਰੋਜ਼-ਗਾਰੀ ਭੁੱਖਮਰੀ ਵਰਗੀਆਂ ਨਾਮੁਰਾਦ ਬੀਮਾਰੀਆ ਦਾ ਆਏ ਦਿਨ ਅਮਰਵੇਲ ਵਾਂਗੂ ਵਾਧਾ ਹੋ ਰਿਹਾ ਹੋਵੇ ਤਾਂ ਲੋਕ ਪੱਖੀ ਤੇ ਅਗਾਂਹਵਧੂ ਕਵੀਆਂ ਸਾਹਿਤਕਾਰਾਂ ਅਤੇ ਲੇਖਕਾਂ ਦੀ ਅਣਖ ਅਤੇ ਜ਼ਮੀਰ ਨੂੰ ਵੰਗਾਰ ਹੁੰਦੀ ਹੈ ਜਿਹੜੀ ਕਿ ਉਹਨਾਂ ਨੂੰ ਕਬੂਲਣੀ ਚਾਹੀਦੀ ਹੈ। ਇਸ ਮਕਸਦ ਦੀ ਪੂਰਤੀ ਲਈ ਪਲਸ ਮੰਚ ਦੇ ਘੇਰੇ 'ਚ ਆਉਂਦੇ ਸਾਰੇ ਇਹੋ ਜਿਹੇ ਕਵੀਆਂ ਨੇ ਪਿਛਲੇ ਸਮੇਂ ਤੋਂ ਕਾਫੀ ਯੋਗਦਾਨ ਪਾਇਆ ਤੇ ਪਲਸ ਮੰਚ ਵਲੋਂ ਪੰਜਾਬ ਪੱਧਰ ਦੇ ਕਈ ਸਾਹਿਤਕ ਤੇ ਸਭਿਆਚਾਰ ਸਮਾਗਮ ਵੀ ਕਰਵਾਏ ਗਏ ਇਹ ਸਭ ਕੁਝ ਪਲਸ ਮੰਚ ਵਲੋਂ ਪੰਜਾਬ ਵਿਚ ਅਖੌਤੀ, ਘਟੀਆ, ਵਕਾਊ ਕਵੀਆਂ ਲੇਖਕਾਂ ਤੇ ਸਾਹਿਤਕਾਰਾਂ ਦੁਆਰਾ ਫੈਲਾਏ ਗਏ ਲਚਰ ਅਸ਼ਲੀਲ ਅਤੇ ਲੋਕ ਵਿਰੋਧੀ ਸਾਹਿਤ ਦੇ ਬਦੱਲ ਵਿਚ ਵਧੀਆ ਉਦਮ ਹੈ ਤਾਂ ਕਿ ਇਹੋ ਜਹੀਆਂ ਲੋਕ ਦੁਸ਼ਮਣ ਸ਼ਕਤੀਆਂ ਨੂੰ ਸਭਿਆਚਾਰਕ ਖੇਤਰ ਚੋਂ ਭਾਂਜ ਦਿਤੀ ਜਾਵੇ ਤੇ ਵਿਰਸੇ ਵਿਚ ਮਿਲਿਆ ਖਾੜਕੂ, ਅਗਾਂਗਵਧੂ ਤੇ ਇਨਕਲਾਬੀ (ਜਿਵੇਂ ਭਗਤ ਸਰਾਭਾ ਆਦਿ) ਸਭਿਆਚਾਰ ਦਾ ਲੋਕਾਂ ਵਿਚ ਪਸਾਰਾ ਕੀਤਾ ਜਾਵੇ। ਪਲਸਮੰਚ ਇਹੋ ਜਿਹੇ ਸਾਹਿਤ ਸਭਿਆਚਾਰ ਦੀ ਗੱਲ ਕਰਦਾ ਹੈ ਜਿਸ ਨਾਲ ਮਿਹਨਤਕਸ਼ ਲੋਕਾਂ ਦਾ ਜਮਾਤੀ ਏਕਾ ਲੁਟੇਰੀ ਜਮਾਤ ਨੂੰ ਤਹਿਸ ਨਹਿਸ ਕਰਨ ਉਸਰੇ ਇਸੇ ਤਰ੍ਹਾਂ ਪਲਸ ਮੰਚ ਵਲੋਂ ਲੋਕ ਪੱਖੀ ਰਚਨਾਵਾਂ ਦੀ ਪ੍ਰਕਾਸ਼ਨਾ ਵੀ ਇਕ ਵਧੀਆ ਉਦਮ ਹੈ। "ਪਰ ਪਹੁੰਚੇ ਹਾਂ ਕਿਸ ਮੁਕਾਮ 'ਤੇ ਸਿਰਲੇਖ ਦੀ ਕਿਤਾਬ ਵਿਚ ਵਖ ਵਖ ਕਵੀਆਂ ਦੀਆਂ ਰਚਨਾਵਾਂ ਦੀ ਚੋਣ ਕਰਨ ਸਮੇਂ ਕੋਈ ਖਾਸ ਧਿਆਨ ਨਹੀਂ ਦਿਤਾ ਗਿਆ ਕਿਉਂਕਿ ਹਰਭਜਨ ਸਿੰਘ ਦੀ ਰਚਨਾ ਕੀ ਫੌਜ ਦਾ ਮਾਣ ਪੜ੍ਹਕੇ ਇਉਂ ਮਹਿਸੂਸ ਹੁੰਦਾ ਹੈ ਕਿ ਉਹਨਾਂ ਦੀ ਰਚਨਾ ਮੌਜੂਦਾ ਹਾਲਤਾਂ ਤੇ ਢੁਕਦੀ ਨਹੀਂ ਉਹ ਆਪ ਫਿਰਕੂ ਪਣੇ ਦਾ ਸ਼ਿਕਾਰ ਲਗਦੇ ਹਨ ਕਿਉਂਕਿ ਉਹ ਫਿਰਕਾਪ੍ਰਸਤੀ ਦੀ ਸਾਰੀ ਜ਼ੁਮੇਵਾਰੀ ਕਿਸੇ ਇਕ ਤਾਕਤ ਤੇ ਸੁਟੀ ਜਾ ਰਿਹਾ ਹੈ। ਜਦੋਂ ਕਿ ਫਿਰਕੂ ਅੱਗ ਭੜਕਾਉਣ ਵਾਲੇ ਹੋਰ ਵੱਖ ਵੱਖ ਫਿਰਕਿਆਂ ਵਿਚ ਮੌਕਾ ਪ੍ਰਸਤ ਧਾਰਮਿਕ ਆਗੂ ਜਾਂ ਭ੍ਰਿਸ਼ਟ ਮੌਕਾ ਪ੍ਰਸਤ ਸਿਆਸਤਦਾਨ ਹਨ ਇਹ ਰਚਨਾ ਬਿਲਕੁਲ ਉਲਾਰਪਣ ਵਿਚ ਲਿਖੀ ਲਗਦੀ ਹੈ ਉਹ ਲੇਖਕ ਲੋਕ ਪੱਖੀ ਨਹੀਂ ਹੋ ਸਕਦਾ ਜਿਹੜਾ ਨਿਰਪੱਖ ਹੋ ਕੇ ਹਰ ਕਿਸਮ ਦੀ ਲੋਕ ਵਿਰੋਧੀ ਤਾਕਤ ਦੇ ਖਿਲਾਫ਼ ਲਿਖਣ ਦੀ ਜੁਰਤ ਨਹੀਂ ਰਖਦਾ। ਇਸੇ ਤਰ੍ਹਾਂ ਭੁਪਿੰਦਰ ਦੀ ਰਚਨਾ 'ਯੁਧ ਦਾ ਮੈਦਾਨ" ਵਿਚ ਹਰਮਿੰਦਰ ਸਾਹਿਬ ਵਿਚ ਹੋਏ ਫੌਜੀ ਐਕਸ਼ਨ ਦੁਰਾਨ ਵਾਪਰੇ ਦੁਖਾਂਤ ਬਾਰੇ ਵਧੀਆ ਪਿਕਚਰ ਖਿੱਚੀ ਹੈ ਜਿਵੇਂ ਉਹਨਾ ਨੇ ਲਿਖਿਆ 'ਤੀਰ ਹੈ ਤਲਵਾਰ ਹੈ ਸੰਗੀਨ ਹੈ ਹੱਥ ਗਾਇਬ ਹਨ ਪਰ ਪਿਛਲੇ ਸਮੇਂ ਵਿਚ ਜਦੋਂ ਉਹਨਾਂ ਦੇ ਹੱਥ ਕਾਇਮ ਸਨ ਉਹਨਾਂ ਦੇ ਤੀਰ ਤਲਵਾਰ ਦਾ ਕੀ ਸੰਗੀਨ ਦਾ ਨਿਸ਼ਾਨਾ ਠੀਕ ਸੀ। ਅਸੀਂ ਏਸ ਗਲ ਤੋਂ ਮੁਨੱਕਰ ਨਹੀਂ ਹੁੰਦੇ ਕਿ ਲੋਕ ਵਿਰੋਧੀ ਹਕੂਮਤ ਨੇ ਪਾੜੋ ਤੇ ਰਾਜ ਕਰੋ ਵਾਲੀ ਅੰਗਰੇਜ਼ਾਂ ਵਾਲੀ ਨੀਤੀ ਅਪਣਾਕੇ ਲੋਕਾਂ ਦੀ ਭਾਈਚਾਰਕ ਅਤੇ ਜਮਾਤੀ ਸਾਂਝ ਨੂੰ ਸੰਨ ਲਾਇਆ, ਪਰ ਉਸ ਬੇਗੁਨਾਹ ਲੋਕਾਂ ਦੀ ਕੱਤਲੱਗਰਤ ਲੁਟਕਸੁਟ ਪਵਿਤਰ ਧਾਰਮਿਕ ਸਥਾਨਾਂ ਦੀ ਧਰਮ ਦੇ ਠੇਕੇਦਾਰਾਂ ਵਲੋਂ ਗਲਤ ਵਰਤੋਂ ਕਿਥੋਂ ਤੱਕ ਜਾਇਜ਼ ਸੀ। ਧਰਮ ਜਾਂਤ ਇਲਾਕੇ ਦੇ ਨਾ ਤੇ ਬੇਗੁਨਾਹ ਲੋਕਾਂ ਦੇ ਕਤਲ ਚਾਹੇ ਪੰਜਾਬ 'ਚ ਕੀਤੇ ਗਏ ਜਾਂ ਪੰਜਾਬ ਤੋਂ ਬਾਹਰ ਹਿੰਦੁਸਤਾਨ ਦੇ ਕਿਸੇ ਵੀ ਹਿਸੇ ਵਿਚ ਕੀਤੇ ਗਏ ਹੋਣ ਇਹ ਮਿਹਨਤ ਕਸ਼ ਲੋਕਾਂ ਲਈ ਘਾਤਕ ਤੇ

ਉਹਨਾਂ ਨੂੰ ਗੁਲਾਮ ਰੱਖਣ ਲਈ ਕਰਵਾਏ ਜਾਂਦੇ ਹਨ। ਜਾਂ ਕੀ ਇਹ ਧਰਮ ਦੇ ਨਾਂ ਤੇ ਲਗਾਏ ਗਏ ਮੋਰਚਿਆਂ ਦੁਆਰਾ ਕਿਸੇ ਦੀ ਮਹਿੰਗਾਈ ਬੇਰੋਜ਼ਗਾਰੀ, ਭੁਖਮਰੀ ਗਰੀਬੀ ਗੁੰਡਾਗਰਦੀ ਦੀ ਸਮੱਸਿਆ ਹੱਲ ਹੋਈ ਹੈ ਸੋ ਇਹੋ ਜਹੇ ਅਖੌਤੀ ਮੋਰਚਿਆਂ ਬਾਰੇ ਵੀ ਲਿਖਾਰੀ ਨੂੰ ਹੌਂਸਲੇ ਨਾਲ ਲਿਖਣਾ ਚਾਹੀਦਾ ਸੀ।

ਰਵਿੰਦਰ ਰਵੀ ਦੀ 'ਨਜ਼ਮ' ਵਿਚ "ਸੱਤਾ ਨੇ ਜਿਸ ਨੂੰ ਕੋਹਿਆ, ਉਸ ਵਿਚ ਇਤਿਹਾਸ ਸਮੋਇਆ" ਜਿਹੜੇ ਇਤਿਹਾਸ ਦੀ ਤੁਸੀਂ ਗੱਲ ਕਰਦੇ ਹੋ ਕੀ ਉਹ ਜਿਸ ਨੂੰ ਸੱਤਾ ਨੇ ਕੋਹਿਆ, ਉਹ ਦਸੇ ਹੋਏ ਸਿੱਖਾ ਦੇ ਪੂਰਨਿਆਂ ਤੇ ਚਲਦੇ ਸੀ ਮੈਂ ਸਮਝਦਾ ਹਾਂ ਕਿ ਉਹ ਸਿੱਖ ਸਿਧਾਂਤ ਦੇ ਬਿਲਕੁਲ ਉਲਟ ਸੀ ਇਸ ਨਾਲ ਸਿੱਖ ਸਿਧਾਂਤ ਬਿਲਕੁਲ ਹੀ ਮੇਲ ਨਹੀਂ ਖਾਂਦੇ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਹੋ ਜਹੀ ਕੋਈ ਲੜਾਈ ਨਹੀਂ ਕੀਤੀ ਜਿਸ ਵਿਚ ਮਜ਼ਲੂਮ ਬੇਗੁਨਾਹ ਲੋਕਾਂ ਤੇ ਅਤਿਆਚਾਰ ਕੀਤਾ ਜਾਵੇ ਉਹਨਾਂ ਦੀ ਲੜਾਈ ਤਾਂ ਹਰ ਕਿਸਮ ਦੇ ਜ਼ੁਲਮ ਦੇ ਖਿਲਾਫ ਅਤੇ ਜ਼ਾਲਮ ਔਰੰਗਜ਼ੇਬ ਦੀ ਹਕੂਮਤ ਦੇ ਖਿਲਾਫ ਸੀ। ਪਰ ਅਜ ਕਲ ਉਹਨਾਂ ਦੇ ਨਾਂ ਤੇ ਧਰਮ ਦੇ ਠੇਕੇਦਾਰ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੀ ਖੁਦ-ਗਰਜ਼ੀ ਲਈ ਵਰਤਦੇ ਹਨ ਤੇ ਮਰਵਾਉਂਦੇ ਹਨ। ਮੈਂ ਸਮਝਦਾ ਹਾਂ ਕਿ ਚਾਹੇ ਸੱਤਾ ਸੀ ਚਾਹੇ ਸੱਤਾ ਨੇ ਜੋ ਕੋਹਿਆ ਸਭ ਕੁਝ ਕੁਰਸੀ ਯੁੱਧ ਸੀ, ਮਜ਼ਲੂਮ ਲੋਕਾਂ ਦਾ ਘਾਣ ਹੋਇਆ। ਇਸ ਕਿਤਾਬ ਵਿਚ ਕੁਝ ਸਾਹਿਤਕਾਰ ਇਹੋ ਜਹੇ ਵੀ ਮੈਨੂੰ ਲਗੇ ਜਿੰਨਾਂ ਦੀਆਂ ਇਸ ਵਿਚ ਦਿਤੀਆਂ ਰਚਨਾਵਾਂ ਅਗਾਹਵਧੂ ਹਨ ਪਰ ਪਿਛਲੇ ਸਮੇਂ ਵਿਚ ਉਹਨਾਂ ਨੇ ਰੀਐਕਸ਼ਨਰੀ ਤਾਕਤਾਂ ਦ ਗੁਣ ਗਾਏ ਇਹ ਵੀ ਇਹੋ ਜਹੇ ਸਾਹਿਤਕਾਰਾਂ ਦੀ ਮੌਕਾਪ੍ਰਸਤੀ ਹੈ। ਜਾਂ ਫਿਰ ਕੁਝ ਇਹੋ ਜਹੇ ਕਵੀਆਂ ਦੀਆਂ ਰਚਨਾਵਾਂ ਵੀ ਪੜ੍ਹੀਆਂ ਹਨ ਜਿਹੜੇ ਗੱਲਾਂ ਤਾਂ ਮਜ਼ਦੂਰਾਂ ਕਿਸਾਨਾਂ ਜਾਂ ਲੋਕਾਂ ਦੀ ਮੁਕਤੀ ਦੀਆਂ ਕਰਦੇ ਹਨ ਪਰ ਆਪ ਅਮਲੀ ਰੂਪ 'ਚ ਉਸ ਤਰ੍ਹਾਂ ਨਹੀਂ ਵਿਚਰਦੇ। ਗੁਰਬਖਸ਼ ਜੱਸ ਨੇ ਆਪਣੀ ਗਜ਼ਲ ਵਿਚ ਹਿੰਦੂ ਫਿਰਕਾਪ੍ਰਸਤਾਂ ਦੀ ਗੱਲ ਕਰਨੀ ਹੀ ਛੱਡ ਦਿੱਤੀ ਮੈਂ ਸਮਝਦਾ ਹਾਂ ਕਿ ਫਿਰਕੂ ਅਨਸਰ ਚਾਹੇ ਹਿੰਦੂ ਹੈ ਚਾਹੇ ਸਿੱਖ ਦੋਵੇਂ ਲੋਕਾਂ ਦੇ ਦੁਸ਼ਮਣ ਹਨ ਉਂਜ ਜੱਸ ਦੀ ਗਜ਼ਲ ਕਾਫੀ ਹੱਦ ਤੱਕ ਅਗਾਂਹਵਧੂ ਹੈ। ਧਰਮਪਾਲ ਉਪਾਸ਼ਕ 'ਕਿੱਸਾ ਪੰਜਾਬ ਦਾ' ਦੇ ਸਿਰਲੇਖ ਵਾਲੀ ਰਚਨਾ ਸਾਰੇ ਪੱਖਾਂ ਤੋਂ ਵਧੀਆ ਤੇ ਅਗਾਹਵਧੂ ਹਰ ਮਿਹਨਤਕਸ਼ ਤੇ ਬੁਧੀਜੀਵੀ ਦੇ ਪੱਧਰ ਦੀ ਹੈ ਕਿਉਂਕਿ ਧਰਮਪਾਲ ਨੇ ਆਪਣੀ ਰਚਨਾ ਵਿਚ ਕਈ ਪੱਖ ਛੂਹੇ ਹਨ। ਪ੍ਰੋ. ਹਮਦਰਦਵੀਰ ਦੀ ਰਚਨਾ ਕੁਝ ਹੱਦ ਤਕ ਠੀਕ ਹੈ ਉਹਨਾਂ ਨੂੰ ਚਾਹੀਦਾ ਸੀ ਕਿ ਦੂਜੇ ਪੇਸ਼ਾਵਰ ਕਵੀਆਂ ਨੂੰ ਮਿਹਣਾ ਮਾਰਨ ਦੀ ਥਾਂ ਆਪ ਵੀ ਫਿਰਕਾਪ੍ਰਸਤੀ ਜਾਂ ਮੌਜੂਦਾ ਹਾਲਤਾਂ ਤੇ ਆਪਣੀ ਰਚਨਾ ਵਿਚ ਕੁਝ ਦਿੰਦੇ। ਸੁਰਜੀਤ ਬਰਾੜ ਦੀ ਰਚਨਾ 'ਮਹਿਕਾ-ਸੁਰ ਦੀ ਧੀ/ਦੇਵਤਾ' ਕਲਾ ਦੇ ਪੱਖੋਂ ਵਧੀਆ ਹੈ ਚੰਗਾ ਹੁੰਦਾ ਜੇ ਮਹਿਕਾਸੁਰ ਦੀ ਧੀ ਦੇ ਵਿਰੋਧੀ ਪਾਰਲੀਮਾਨੀ ਸਾਥੀਆਂ ਦਾ ਵੀ ਪਰਦਾਫਾਸ਼ ਕੀਤਾ ਜਾਂਦਾ ਕਿਉਂਕਿ ਸਾਰੇ ਕਿਸਮ ਦੇ ਰੰਗ ਬਿਰੰਗੇ ਖੁਦਗਰਜ਼ ਲੀਡਰ ਇਕੋ ਇਕੋ ਜਿੰਨੇ ਲੋਕਾਂ ਦੇ ਦੁਸ਼ਮਣ ਹਨ। ਗੁਲ ਚੌਹਾਨ ਦੀ ਇਕ ਜਵਾਬੀ 'ਨਜ਼ਮ' ਅਤੇ ਅਜਾਇਬ ਸਿੰਘ ਹੁੰਦਲ ਦੀ ਗਜ਼ਲ ਵੀ ਕਿਸੇ ਇਕ ਦਾ ਘਰ ਉਜਾੜਨ ਦਾ ਰੰਗ ਬਿਲਕੁਲ ਜਾਇਜ਼ ਹੈ। ਪਰ ਜਿਹੜੇ ਹੋਰ ਬਹੁਤ ਸਾਰੇ ਭੋਲ ਭਾਲੇ ਲੋਕਾਂ ਦੇ ਪੰਜਾਬ ਜਾਂ ਹੋਰ ਸੂਬਿਆਂ ਵਿਚ ਲੋਕਾਂ ਦੇ ਘਰ ਉਜਾੜੇ ਗਏ ਉਹਨਾਂ ਬਾਰੇ ਇਹਨਾਂ ਸਾਥੀਆਂ ਨੂੰ ਕੋਈ ਰੋਸ ਨਹੀਂ ਹੋਇਆ ਲਗਦਾ। ਸੁਖਬੀਰ ਦੀ ਸ਼ਮੀ ਨੂੰ ਸਮਰਪਤ ਰਚਨਾ ਵਿਚ ਹੋਰ ਵੀ ਵਧੇਰੇ ਚੰਗਾ ਹੁੰਦਾ ਜੇ ਸੁਖਰਾਜ ਖੱਦਰ ਵਰਗੇ ਇਨਕਲਾਬੀ ਸੰਪਾਦਕ ਦਾ ਵੀ ਕਿਤੇ ਨਾਂ ਹੁੰਦਾ ਕਿਉਂਕਿ ਸ਼ਮੀ ਨਾਲੋਂ ਵਧ ਧੜੱਲੇ ਨਾਲ ਸੁਖਰਾਜ ਖੱਦਰ ਨੇ ਫਿਰਕਾਪ੍ਰਸਤੀ ਦੇ ਖਿਲਾਫ ਲਿਖਿਆ। ਸਰਦਾਰ ਪੰਛੀ ਦੀ ਫਿਰਕਾਪ੍ਰਸਤੀ ਦੇ ਖਿਲਾਫ ਇਕ ਵਧੀਆ ਰਚਨਾ ਹੈ। ਸੰਤੋਖ ਸਿੰਘ ਧੀਰ ਦੀ ਰਚਨਾ 'ਕਿੰਨਾ ਬਦਮਾਸ਼ ਔਰੰਗਜ਼ੇਬ' ਵੀ ਅਗਾਂਹ-ਵਧੂ ਹੈ। ਵਿਸ਼ੇ ਦੇ ਪੱਖੋਂ ਸਮੁੱਚੀਆਂ ਰਚਨਾਵਾਂ ਦੀ ਕਿਤਾਬ ਠੀਕ ਹੈ।

ਅਖੀਰ ਵਿਚ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਸਮੁਚੀ ਕਿਤਾਬ ਵਿਚ ਦਿਤੀਆਂ ਗਈਆਂ ਰਚਨਾਵਾਂ ਪਲਸ ਮੰਚ ਦੇ ਪੱਧਰ ਦੀਆਂ ਨਹੀਂ ਹਨ ਜਦ ਕਿ ਪਲਸ ਮੰਚ ਦੇ ਉਦੇਸ਼ ਏਸ ਨਾਲੋਂ ਕਿਤੇ ਉਚੇ ਹਨ। ਅਗੇ ਵਾਸਤੇ ਏਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਲੋਕ ਪੱਖ ਅਗਾਂਹਵਧੂ ਕਵੀ ਨੂੰ ਸਾਹਿਤਕਾਰਾਂ ਦੀਆਂ ਰਚਨਾਵਾਂ ਹੀ ਪਲਸ ਮੰਚ ਵਲੋਂ ਪ੍ਰਮਾਣਤ ਕੀਤੀਆਂ ਜਾਣ। ਰਚਨਾਵਾਂ ਦੀ ਚੋਣ ਕਿਸੇ ਵੀ ਨਿੱਜੀ ਲਿਹਾਜ਼ ਦੇ ਅਧਾਰ ਤੇ ਨਹੀਂ ਹੋਣੀ ਚਾਹੀਦੀ, ਲਿਹਾਜ਼ ਸਿਰਫ ਜਮਾਤੀ ਹੀ ਹੋਵੇ।

ਕੁਲਪ੍ਰੀਤ ਸਿੰਘ

**ਇਕ ਸਪਸ਼ਟੀਕਰਨ:** ਪਲਸ ਮੰਚ ਵਲੋਂ ਪ੍ਰਕਾਸ਼ਤ ਕਿਤਾਬ 'ਪਹੁੰਚੇ ਹਾਂ ਕਿਸ ਮੁਕਾਮ ਤੇ' ਜਿਸ ਤਰ੍ਹਾਂ ਇਹਦੇ ਨਾਂ ਤੋਂ ਹੀ ਸਾਫ ਹੈ, ਇਕ ਇਤਹਾਸਕ ਰੀਕਾਰਡ ਵਜੋਂ ਛਾਪੀ ਗਈ ਹੈ ਕਿ 'ਸਾਡੇ ਕਵੀਆਂ ਨੇ ਪੰਜਾਬ ਦੀਆਂ ਘਟਨਾਵਾਂ ਨੂੰ ਕਿਸ ਤਰ੍ਹਾਂ ਅਨੁਭਵ ਕੀਤਾ ਤੇ ਇਹ ਪਾਠਕਾਂ ਦਾ ਫਰਜ਼ ਹੈ ਕਿ ਉਹਨਾਂ ਦੇ ਪ੍ਰਤੀਕਰਮਾਂ ਬਾਰੇ ਆਪਣੀ ਸੂਝ ਅਨੁਸਾਰ ਪ੍ਰਤੀਕਰਮ ਦੇਣ। ਡਾਕਟਰ ਹਰਭਜਨ ਸਿੰਘ ਹੋਰਾਂ ਦੀ ਕਵਿਤਾ 'ਫੌਜਾਂ ਕਿਸ ਦੇਸ਼ ਹੋ ਆਈਆਂ ?' ਤਾਂ ਇਕ ਪ੍ਰਤੀਕਰਮ ਤਿੰਨ ਲਾਈਨਾਂ ਵਿਚ

Registered with the Registrar, News Papers, Vide No. MA/12397-D dated 18.4.80
Post Office No. P/AR—133

ਸਾਨੂੰ ਇੰਗਲੈਂਡ ਤੋਂ ਸੁਰਿੰਦਰ ਚੀਮਾ ਦੇ ਨਾਂ ਹੇਠ ਲਿਖਿਆ ਆਇਆ ਹੈ, "ਡਾਕਟਰ ਸਾਹਿਬ ਫੌਜਾਂ ਤੁਹਾਡੇ ਹੀ ਦੇਸ਼ ਵਿਚੋਂ ਆਈਆਂ ਹਨ। ਉਹ ਸਾਲਾਂ ਤੋਂ ਨੇਫਾ, ਨਾਗਾਲੈਂਡ, ਮੀਜ਼ੋਰਾਮ, ਅਸਾਮ 'ਚ ਦਸਨ ਕਰ ਰਹੀਆਂ ਹਨ। ਉਸ ਵੇਲੇ ਉਹ ਤੁਹਾਨੂੰ ਨਹੀ ਦਿਸੀਆਂ ਸਨ। ਸ਼ੁਕਰ ਹੈ ਕਿ ਹੁਣ ਉਹਨਾਂ ਦਾ ਖੂਨੀ ਚਿਹਰਾ ਤੁਹਾਨੂੰ ਦਿਸ ਪਿਆ ਹੈ। ਉਮੀਦ ਕਰਦਾ ਹਾਂ ਹੁਣ 26 ਜਨਵਰੀ ਦੇ ਕੌਮੀ ਮੁਸ਼ਾਇਰੇ ਵਿਚ ਤੁਸੀਂ ਉਹਨਾਂ ਦੇ ਗੁਣ ਨਹੀਂ ਗਾਵੋਗੇ।"

ਕੁਲਪ੍ਰੀਤ ਸਿੰਘ ਤੇ ਸੁਰਿੰਦਰ ਚੀਮਾਂ ਦੇ ਪ੍ਰਤੀਕਰਮ ਆਪਣੇ ਆਪ ਵਿਚ ਇਸ ਕਿਤਾਬ ਦੇ ਛਾਪਣ ਦੇ ਮਨੋਰਥ ਦੀ ਪੂਰਤੀ ਕਰਦੇ ਹਨ।

**ਗੁਰਸ਼ਰਨ ਸਿੰਘ**
ਪ੍ਰਧਾਨ ਪਲਸ ਮੰਚ

## ਪਾਠਕ ਲੇਖਕ ਫੋਰਮ

'ਸਮਤਾ 54 ਵਿਚ ਇਕ ਵੀਰ ਅਜੈਬ ਸਿੰਘ ਸਿਧੂ ਨੇ ਗੁਰਸ਼ਰਨ ਭਾਅ ਜੀ, ਕਮਿਊਨਿਸਟਾਂ ਤੇ ਕਾਂਗਰਸੀ ਆਗੂਆਂ ਪ੍ਰਤੀ ਬੜੇ ਖਰ੍ਹਵੇ ਅੰਦਾਜ਼ ਵਿਚ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ ਹੈ। ਵੀਰ ਅਜੈਬ ਸਿੰਘ ਦੀ ਮਾਰਕਸਵਾਦ, ਕੌਮਾਂਤਰੀ ਕਮਿਊਨਿਸਟ ਲਹਿਰ ਤੇ ਸਿਖ ਇਤਿਹਾਸ ਪ੍ਰਤੀ ਪਹੁੰਚ ਬੜੀ ਪੇਤਲੀ ਤੇ ਬਚਗਾਨਾ ਹੈ। ਪਰ ਉਸ ਅੰਦਰ ਪੂੰਜੀਵਾਦੀ ਢਾਂਚੇ ਦੇ ਗੈਰ ਮਨੁੱਖੀ ਵਰਤਾਰਿਆਂ ਤੇ ਲੁੱਟ ਖਸੁੱਟ ਵਿਰੁਧ ਰੋਸ ਵੀ ਹੈ। ਸੋ ਜ਼ਾਹਰ ਹੈ ਕਿ ਵੀਰ ਦੀ ਇਹ ਬੇਚੈਨੀ ਫਿਰਕੂ ਰੰਗਤ ਵਾਲੀ ਹੈ।

ਪੰਜਾਬ ਦੀਆਂ ਖੱਬੀਆਂ ਸ਼ਕਤੀਆਂ ਦੀ ਪਿਛਲੇ ਸਮੇਂ ਦੌਰਾਨ ਇਹ ਕਮਜ਼ੋਰੀ ਰਹੀ ਹੈ ਕਿ ਉਹ ਲੋਕਾਂ ਨੂੰ ਸਿਧਾਂਤਕ ਤੌਰ ਤੇ ਚੇਤੰਨ ਕਰਨ ਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਧਰਮ ਅਤੇ ਸਭਿਆਚਾਰ ਦੀ ਚੀਰ ਫਾੜ ਕਰਨ ਵਿਚ ਅਸਫਲ ਰਹੀਆਂ ਹਨ। ਉਹਨਾਂ ਨੇ ਜਾਂ ਤਾਂ ਧਰਮ ਨੂੰ ਪਿਛਾਂਹ-ਖਿਚੂ ਤੇ ਰੂੜੀਵਾਦੀ ਕਰਾਰ ਦੇ ਕੇ ਉਸ ਨੂੰ ਤਿਲਾਂਜਲੀ ਦੇ ਦਿਤੀ ਤੇ ਧਰਮ ਵਿਰੁਧ ਕਰੜੀ ਆਲੋਚਨਾ ਅਰੰਭ ਕਰ ਦਿਤੀ ਜਾਂ ਸਿਖ ਧਰਮ ਦੀਆਂ ਖਾੜਕੂ ਰਵਾਇਤਾਂ ਨੂੰ ਵਰਤਮਾਨ ਜਮਾਤੀ ਸੰਘਰਸ਼ ਦੇ ਪ੍ਰਸੰਗ ਵਿਚ ਭੁਗਤਾ ਕੇ ਧਰਮ ਤੇ ਫਿਲਾਸਫੀ ਨੂੰ ਬੁਰੀ ਰਲਗੱਡ ਕਰ ਦਿੱਤਾ। ਕਈ ਅਜ਼ਾਦ ਮਾਰਕਸਵਾਦੀਆਂ (ਸੰਧੂ ਵਾਲਿਆਂ) ਨੇ ਇਸ 'ਸ਼ੁਭ' ਕੰਮ ਵਿਚ ਚੋਖਾ ਹਿਸਾ ਪਾਇਆ ਹੈ। ਇਹੀ ਕਾਰਨ ਹੈ ਕਿ ਲੋਕ ਫਿਰਕੂ ਤੰਗ-ਨਜ਼ਰੀ ਤੇ ਧਾਰਮਕ ਸੰਸਕਾਰਾਂ ਤੋਂ ਅਜ਼ਾਦ ਨਹੀਂ ਹੋ ਸਕੇ।

ਬੁਰਜੂਆਜ਼ੀ ਨੇ ਲੋਕਾਂ ਦੇ ਧਾਰਮਕ ਵਿਸ਼ਵਾਸ਼ਾਂ ਨੂੰ ਭੜਕਾ ਕੇ ਆਪਣੇ ਸੌੜੇ ਸਿਆਸੀ ਹਿਤਾਂ ਲਈ ਵਰਤਿਆ। ਲੋਕਾਂ ਦੀਆਂ ਭਾਵਨਾਵਾਂ ਨੂੰ ਗੁੰਮਰਾਹ ਕਰਕੇ ਸਤੱਾ ਹਥਿਆਉਣ ਤੇ ਫਿਰ ਇਸ ਸਤੱਾ ਨੂੰ ਬਰਕਰਾਰ ਰਖਣ ਲਈ 'ਭਾਰਤੀ ਇਕ ਕੌਮ' ਦੇ ਸੰਕਲਪ ਨੂੰ ਉਭਾਰਨ ਦੀ ਥਾਂ ਲੋਕਾਂ ਨੂੰ ਭੀੜੇ ਸੰਪਰਦਾਇਕ ਘੇਰਿਆਂ ਤੇ ਮਜ਼੍ਹਬੀ ਵਲਗਣਾਂ ਤਕ ਸੀਮਤ ਰੱਖਿਆ। ਪਰ ਇਸ ਦੇ ਬਦਲ ਵਿਚ ਖੱਬੀ ਧਿਰ ਲੋਕਾਂ ਨੂੰ ਵਿਗਿਆਨਕ ਤੌਰ ਤੇ ਜਾਗਰਤ ਨਹੀਂ ਕਰ ਸਕੀ। ਇਹ ਕਾਰਨ ਹੈ ਕਿ ਸਾਥੀ ਅਜੈਬ ਸਿੰਘ ਮਾਰਕਸਵਾਦ ਦੀ ਥਾਂ ਭਿੰਡਰਾਂ ਵਾਲੇ ਅਤਿ ਫਿਰਕੂ ਰਾਹ ਨੂੰ ਕਲਿਆਣਕਾਰੀ ਮੰਨਣ ਦੀ ਗਲਤ ਫਹਿਮੀ ਵਿਚ ਪੈ ਗਿਆ। ਅਜੈਬ ਸਿੰਘ ਦੇ ਵਿਚਾਰ ਹੋਰ ਸੈਂਕੜੇ ਸਿੱਖ ਨੌਜਵਾਨਾਂ ਦੇ ਵੀ ਹੋ ਸਕਦੇ ਹਨ। ਇਸ ਤਰ੍ਹਾਂ ਲੋਕਾਂ ਦੀ ਇਹ ਬੇਚੈਨੀ ਤੇ ਉਪਰਾਮਤਾ ਧਾਰਮਕ ਅੰਧ-ਵਿਸ਼ਵਾਸੀ ਦੇ ਰੁਝਾਨ ਵਿਚ ਵਿਅਰਥ ਜਾ ਰਹੀ ਹੈ। ਅੱਜ ਵੱਡੀ ਲੋੜ ਧਰਮ ਤੇ ਸਭਿਆਚਾਰ ਦੀ ਚੀਰ-ਫਾੜ ਉਲਾਰੂ ਨਜ਼ਰੀਏ ਤੋਂ ਨਹੀਂ ਸਗੋਂ ਵਿਗਿਆਨਕ ਨਜ਼ਰੀਏ ਤੋਂ ਕਰਨ ਦੀ ਹੈ।

—ਬਹਾਦਰ ਸਾਥੀ, ਸਮਾਧ ਭਾਈ (ਫਰੀਦਕੋਟ)

## ਕੇ. ਐਲ. ਗਰਗ ਦੇ ਨਾਂ

ਗਰਗ ਸਾਹਿਬ, ਤੁਹਾਡੀ ਅਜੀਤ ਕੌਰ ਦੇ ਨਾਂ ਚਿੱਠੀ ਪੜ੍ਹੀ। ਤੁਸੀਂ ਕੁਝ ਨੁੱਕਤੇ ਉਠਾਏ ਅਤੇ ਸਹੀ ਤੌਰ 'ਤੇ ਅਜੀਤ ਕੌਰ ਹੋਰਾਂ ਦੀ ਭਾਵੁਕ ਫਿਰਕੂ ਸੋਚ ਵੱਲ ਇਸ਼ਾਰਾ ਕੀਤਾ, ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਸ ਪੈਂਤੜੇ ਤੋਂ ਤੁਸੀਂ ਇਹ ਸਾਰੀ ਗੱਲ ਕੀਤੀ, ਉਹ ਆਪਣੇ ਆਪ ਵਿਚ ਵੀ ਉਲਾਰੂ ਤੇ ਫਿਰਕੂ ਸਾਬਤ ਹੋਇਆ ਹੈ। ਤੁਸੀਂ ਆਪਣਾ ਪੂਰਾ ਵਾਹ ਲਾ ਦਿਤਾ ਹੈ, ਇਹ ਸਾਬਤ ਕਰਨ ਲਈ ਕਿ ਸਾਰਾ ਕਸੂਰ ਦਰਬਾਰ ਸਾਹਿਬ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਹੈ, ਪਰ ਸੱਚਾਈ ਇਸ ਤੋਂ ਬਹੁਤ ਅੱਗੇ ਹੈ। ਇੰਦਰਾ ਗਾਂਧੀ ਕਦੀ ਵੀ ਪੰਜਾਬ ਵਿਚ ਵਾਪਰੇ ਦੁਖਾਂਤ ਤੋਂ ਸੁਰਖਰੂ ਨਹੀਂ ਕੀਤੀ ਜਾ ਸਕਦੀ। ਲੋੜ ਹੈ ਕਿ ਅਸੀਂ ਸਾਰੇ ਲੋਕ ਰਲਕੇ ਫਿਰਕਾਪ੍ਰਸਤੀ ਦੇ ਵਿਰੁਧ ਜਹਾਦ ਛੇੜੀਏ।

—ਗੁਰਜੀਤ ਸਿੰਘ (ਅੰਮ੍ਰਿਤਸਰ)

—ਕੇ. ਐਲ. ਗਰਗ ਅਗਰ ਮਾਰਕਸੀ ਵਿਚਾਰ-ਧਾਰਾ ਨਾਲ ਵਚਨਬੱਧ ਹੁੰਦੇ ਤਾਂ ਅਜੀਤ ਕੌਰ ਦੇ ਲੇਖ ਉਤੇ ਟਿਪਣੀ ਕਰਦੇ ਹੋਏ, ਆਪ ਉਲਾਰ ਨਾ ਹੁੰਦੇ। ਹਰਿਮੰਦਰ ਸਾਹਿਬ ਵਿਚ ਜੋ ਕੁਝ ਭਾਰਤੀ ਫੌਜ ਨੇ ਕੀਤਾ, ਉਹ ਕਿਸੇ ਹਾਲਤ ਵਿਚ justify ਨਹੀਂ ਕੀਤਾ ਜਾ ਸਕਦਾ। ਇਹ ਸਿਰਫ ਸਈਕੀ ਦੀ ਗੱਲ ਨਹੀਂ, ਫੌਜ ਦੀ ਦੁਰਵਰਤੋਂ ਦੀ ਗੱਲ ਹੈ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪ BALANCED ਰਹੀਏ।—ਸੁਰਜੀਤ ਬਰਾੜ